ਕੈਨੇਡੀਅਨ
# ਪੰਜਾਬੀ ਪੋਸਟ

Award winning news paper | Canadian Punjabi Post

Vol 17 * Issue 204 | Daily Newspaper Thursday, October 25, 2018 | Tel: 905-793-2202 | Fax: 905-793-2282 | news@punjabipost.ca



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
*Conditions Apply
20 Maritime Blvd. Unit #11, Brampton, L6S0C2


# ਬਰੈਂਪਟਨ ਕਾਉਂਸਲ ਯੂਨੀਵਰਸਿਟੀ ਲਈ ਵਚਨਬੱਧ?




ਪੋਸਟ ਬਿਊਰੋ: ਬਰੈਂਪਟਨ ਸਿਟੀ ਦੇ ਆਰਥਕ ਵਿਕਾਸ ਅਤੇ ਸੱਭਿਆਚਾਰ ਵਿਭਾਗ ਵੱਲੋਂ ਕੱਲ ਇੱਕ ਰੀਲੀਜ਼ ਵਿੱਚ ਕਿਹਾ ਗਿਆ ਹੈ ਕਿ ਬਰੈਂਪਟਨ ਕਾਉਂਸਲ ਸ਼ਹਿਰ ਵਿੱਚ ਯੂਨੀਵਰਸਿਟੀ ਲਿਆਉਣ ਲਈ ਵਚਨਬੱਧ ਹੈ। ਵਰਨਣਯੋਗ ਹੈ ਕਿ ਪਰਸੋਂ ਪ੍ਰੀਮੀਅਰ ਡੱਗ ਫੋਰਡ ਦੀ ਪ੍ਰੋਵਿੰਸ਼ੀਅਲ ਸਰਕਾਰ ਵੱਲੋਂ ਬਰੈਂਪਟਨ ਸਮੇਤ ਮਿਲਟਨ ਅਤੇ ਮਾਰਖਮ ਵਿੱਚ ਯੂਨੀਵਰਸਿਟੀਆਂ ਲਈ ਫੰਡ ਦੇਣ ਉੱਤੇ ਰੋਕ ਲਾ ਦਿੱਤੀ ਸੀ। ਸਮਝਿਆ ਜਾਂਦਾ ਹੈ ਕਿ ਇਸਦਾ ਇੱਕ ਕਾਰਣ ਪ੍ਰੀਮੀਅਰ ਡੱਗ ਫੋਰਡ ਵੱਲੋਂ ਆਪਣੇ ਸਿਆਸੀ ਵਿਰੋਧੀ ਅਤੇ ਬਰੈਂਪਟਨ ਦੇ ਨਵੇਂ ਚੁਣੇ ਗਏ ਮੇਅਰ ਪੈਟਰਿਕ ਬਰਾਊਨ ਨੂੰ ਸਬਕ ਦੇਣ ਲਈ ਬਰੈਂਪਟਨ ਯੂਨੀਵਰਸਿਟੀ ਉੱਤੇ ਲਕੀਰ ਮਾਰੀ ਗਈ ਹੈ।

ਹਾਲੇ ਇਹ ਗੱਲ ਸਾਹਮਣੇ ਨਹੀਂ ਆਈ ਹੈ ਕਿ ਫੰਡ ਕੈਂਸਲ ਕਰਨ ਤੋਂ ਇੱਕ ਦਿਨ ਬਾਅਦ ਹੀ ਪੁਰਾਣੀ ਸਿਟੀ ਕਾਉਂਸਲ ਨੇ ਕਿਵੇਂ ਮੀਟਿੰਗ ਕਰ ਲਈ ਅਤੇ ਬਰੈਂਪਟਨ ਸ਼ਹਿਰ ਲਈ ਯੂਨੀਵਰਸਿਟੀ ਬਾਰੇ ਵਚਨਬੱਧਤਾ ਨੂੰ ਕਿਹੜਾ ਮਤਾ ਪਾਸ ਕਰਕੇ ਦਰਸਾ ਦਿੱਤਾ? ਕੀ ਇਹ ਪਰੈੱਸ ਰੀਲੀਜ਼ ਨਵੇਂ ਮੇਅਰ ਬਰਾਊਨ ਵਾਸਤੇ ਉਸ ਵੇਲੇ ਦਿੱਕਤ ਖੜੀ ਨਹੀਂ ਕਰੇਗਾ ਜਦੋਂ ਉਹ ਅਧਿਕਾਰਤ ਰੂਪ ਵਿੱਚ ਮੇਅਰ ਦੀ ਕੁਰਸੀ ਉੱਤੇ ਬਿਰਾਨਮਾਨ ਹੋਵੇਗਾ? ਕੀ ਹਾਰੀ ਮੇਅਰ ਲਿੰਡਾ ਜੈਫਰੀ ਵੱਲੋਂ ਜਾਂ ਕਾਉਂਸਲ ਵੱਲੋਂ ਯੂਨੀਵਰਸਿਟੀ ਬਾਰੇ ਅਜਿਹਾ ਗੰਭੀਰ ਬਿਆਨ ਸੋਚੀ ਸਮਝੀ ਚਾਲ ਤਹਿਤ ਦਿੱਤਾ ਗਿਆ ਹੈ ਜਾਂ ਮਹਿਜ਼ ਆਪਣੇ ਦਫ਼ਤਰ ਖਾਲੀ ਕਰਨ ਤੋਂ ਪਹਿਲਾਂ ਜਾਂਦੇ ਜਾਂਦੇ ਇੱਕ ਭੰਬਲਭੂਸਾ ਖੜਾ ਕੀਤਾ ਗਿਆ ਹੈ।

ਵਰਨਣਯੋਗ ਹੈ ਕਿ ਸਿਟੀ ਕਾਉਂਸਲ ਦੀ ਤਰਫੋਂ ਕਿਹਾ ਗਿਆ ਹੈ ਕਿ ਅਸੀਂ ਰਾਇਰਸਨ ਯੂਨੀਵਰਸਿਟੀ ਅਤੇ ਸ਼ੈਰੀਡਾਨ ਕਾਲਜ ਨਾਲ ਵਰਤਾਲਾਪ ਕਰਨਾ ਜਾਰੀ ਰੱਖਿਆ ਹੋਇਆ ਹੈ। ...ਬਾਕੀ ਪੰਨਾ 6 'ਤੇ

## ਪੰਜਾਬੀ ਪੋਸਟ ਵਿਸ਼ਲੇਸ਼ਣ

# ਡੱਗ ਫੋਰਡ, ਪੈਟਰਿਕ ਬਰਾਊਨ ਅਤੇ ਕੱਲ!



ਆਮ ਪ੍ਰਭਾਵ ਹੈ ਕਿ ਸਿਆਸੀ ਲੋਕ ਆਪਣੀ ਗੱਲ ਨੂੰ ਇੰਝ ਸਿਆਸਤੀ ਤਰੀਕੇ ਨਾਲ ਕਰਦੇ ਹਨ ਕਿ ਸਾਹਮਣੇ ਵਾਲੇ ਨੂੰ ਪਤਾ ਵੀ ਨਹੀਂ ਲੱਗਦਾ ਕਿ ਉਹਨਾਂ ਦਾ ਨੁਕਸਾਨ ਹੋਣ ਵਾਲਾ ਹੈ ਜਾਂ ਲਾਭ। ਇਸੇ ਕਰਕੇ ਲੋਕ ਦੋਸਤਾਂ ਮਿੱਤਰਾਂ ਨੂੰ ਮਜਾਕ ਵਿੱਚ ਆਖਦੇ ਹਨ, "ਵੇਖੀਂ ਮੇਰੇ ਨਾਲ ਸਿਆਸਤ ਨਾ ਖੇਡੀਂ"। ਪਰ ਉਂਟੇਰੀਓ ਪ੍ਰੀਮੀਅਰ ਡੱਗ ਫੋਰਡ ਦੇ ਕੇਸ ਵਿੱਚ ਨਹੀਂ ਕਿਹਾ ਜਾ ਸਕਦਾ ਕਿ ਉਹ ਆਪਣੀ ਗੱਲ ਨੂੰ ਸਿਆਸੀ ਮੋੜ ਦੇ ਕੇ ਗੋਲ ਮੋਲ ਕਰੇਗਾ।

ਇਸਦੇ ਉਲਟ ਬਰੈਂਪਟਨ ਮੇਅਰ ਪੈਟਰਿਕ ਬਰਾਊਨ ਬਾਰੇ ਸਪੱਸ਼ਟ ਕਿਹਾ ਜਾ ਸਕਦਾ ਹੈ ਕਿ ਉਹ ਆਪਣੀ ਗੱਲ ਨੂੰ ਸਿਆਸੀ ਢੰਗ ਨਾਲ ਹੀ ਕਰੇਗਾ। ਦੋਵੇਂ ਇੱਕੋ ਪਾਰਟੀ ਨਾਲ ਸਬੰਧਿਤ ਹਨ ਅਤੇ ਦੋਵੇਂ ਇੱਕ ਦੂਜੇ ਦੇ ਵਿਰੋਧੀ ਹਨ। ਇਸ ਸੂਰਤ ਵਿੱਚ ਸੁਆਲ ਉੱਠਦਾ ਹੈ ਕਿ ਬਰੈਂਪਟਨ ਸਿਟੀ ਵਾਸਤੇ ਕੱਲ ਕਿਹੋ ਜਿਹਾ ਹੋਵੇਗਾ।

ਵੱਖੋ ਵੱਖਰੀਆਂ ਸਖ਼ਸ਼ਿਅਤਾਂ ਦੇ ਮਾਲਕ ਹੋਣ ਦੇ ਬਾਵਜੂਦ ਬੀਤੀ ਕੱਲ ਦੋਵਾਂ ਨੇਤਾਵਾਂ ਨੇ ਆਪੋ ਆਪਣੇ ਸੁਭਾਅ ਦੇ ਉਲਟ ਜਾ ਕੇ ਬਿਆਨ ਦਿੱਤੇ। ਪ੍ਰੀਮੀਅਰ ਡੱਗ ਫੋਰਡ ਨੇ 'ਸੀ ਟੀ ਵੀ' ਨਾਲ ਗੱਲ ਕਰਦੇ ਕਿਹਾ ਕਿ ਉਹ ਪੈਟਰਿਕ ਬਰਾਊਨ ਨਾਲ ਉਵੇਂ ਹੀ ਮਿਲ ਕੇ ਕੰਮ ਕਰੇਗਾ ਜਿਵੇਂ ਕਿ ਉਂਟੇਰੀਓ ਦੇ ਹੋਰ ਮੇਅਰਾਂ ਨਾਲ। ਦੂਜੇ ਪਾਸੇ 'ਸੀ ਬੀ ਸੀ' ਨਾਲ ਗੱਲ ਕਰਦੇ ਹੋਏ ਪੈਟਰਿਕ ਬਰਾਊਨ ਦਾ ਆਖਣਾ ਸੀ ਕਿ ਬਰੈਂਪਟਨ ਯੂਨੀਵਰਸਿਟੀ ਲਈ ਫੰਡ ਕੱਟ ਕਰਨ ਦੇ ਡੱਗ ਫੋਰਡ ਦੇ ਫੈਸਲੇ ਨੂੰ ਉਸਨੇ ਨਿੱਜੀ ਰੂਪ ਵਿੱਚ ਲਿਆ ਹੈ ਭਾਵ 'ਪਰਸਨਲ' (Personal) ਲਿਆ ਹੈ। ...ਬਾਕੀ ਪੰਨਾ 6 'ਤੇ

# ਵੋਟਿੰਗ ਪ੍ਰਤੀਸ਼ਤਤਾ: ਵੋਟਰਾਂ ਨੇ ਫੇਰ ਕੀਤਾ ਖੁਦ ਨਾਲ ਦਗਾ




ਟੋਰਾਂਟੋ ਪੋਸਟ ਬਿਊਰੋ: ਪਿਛਲੇ ਇਤਿਹਾਸ ਨੂੰ ਦੁਹਰਾਉਂਦੇ ਹੋਏ ਬਹੁ ਗਿਣਤੀ ਵੋਟਰਾਂ ਨੇ ਇੱਕ ਵਾਰ ਫੇਰ ਸਾਬਤ ਕਰ ਦਿੱਤਾ ਹੈ ਕਿ ਉਹ ਮਿਊਂਸੀਪਲ ਚੋਣਾਂ ਵਿੱਚ ਵੋਟ ਪਾਉਣ ਨੂੰ ਆਪਣਾ ਫਰਜ਼ ਨਹੀਂ ਸਮਝਦੇ। ਬਰੈਂਪਟਨ ਵਿੱਚ ਲਗਾਤਾਰ ਚੌਥੀ ਵਾਰ ਵੋਟ ਪ੍ਰਤੀਸ਼ਤਤਾ 40% ਤੋਂ ਘੱਟ ਰਹੀ ਹੈ। 22 ਅਕਤੂਬਰ ਨੂੰ ਹੋਈਆਂ ਚੋਣਾਂ ਵਿੱਚ ਬਰੈਂਪਟਨ ਵਿੱਚ ਕੁੱਲ 3 ਲੱਖ 13 ਹਜ਼ਾਰ 273 ਵਿਅਕਤੀ ਵੋਟ ਪਾਉਣ ਦੇ ਯੋਗ ਹਨ ਜਿਹਨਾਂ ਵਿੱਚੋਂ ਮਹਿਜ਼ 1 ਲੱਖ 8 ਹਜ਼ਾਰ 70 ਵੋਟਾਂ ਭੁਗਤੀਆਂ ਜੋ ਕਿ 34.5% ਬਣਦੀਆਂ ਹਨ। 2006 ਵਿੱਚ 20.08%, 2010 ਵਿੱਚ 33.1 ਅਤੇ 2014 ਵਿੱਚ 36.2% ਵੋਟਾਂ ਭੁਗਤੀਆਂ ਸਨ।

ਆਪੋ ਆਪਣੀਆਂ ਸਿਆਸੀ ਲਕੀਰਾਂ ਤੋਂ ਉੱਪਰ ਉੱਠ ਕੇ ਲਿਬਰਲ ਐਮ ਪੀ ਰਾਜ ਗਰੇਵਾਲ ਅਤੇ ਕੰਜ਼ਰਵੇਟਿਵ ...ਬਾਕੀ ਪੰਨਾ 6 'ਤੇ

# ਬੈਂਕ ਵਿਆਜ਼ ਦਰਾਂ ਵਿੱਚ ਵਾਧਾ, ਮਾਰਟਗੇਜ ਚੁੱਕਣ ਵਾਲੇ ਕੜਿੱਕੀ 'ਚ




ਟੋਰਾਂਟੋ ਪੋਸਟ ਬਿਊਰੋ: ਕੈਨੇਡਾ ਦੇ ਕੇਂਦਰੀ ਬੈਂਕ ਭਾਵ ਬੈਂਕ ਆਫ ਕੈਨੇਡਾ ਨੇ ਜੁਲਾਈ 2017 ਤੋਂ ਬਾਅਦ ਪੰਜਵੀਂ ਵਾਰ ਬੈਂਕ ਵਿਆਜ਼ ਦਰਾਂ ਵਿੱਚ ਵਾਧੇ ਦਾ ਐਲਾਨ ਕਰਕੇ ਆਮ ਕੈਨੇਡੀਅਨ ਦੀ ਜਾਨ ਸਕਤੇ ਵਿੱਚ ਪਾ ਦਿੱਤੀ ਹੈ। ਨਵੀਂ ਵਿਆਜ਼ ਦਰ 1.75% ਹੋਵੇਗੀ ਜੋ ਕਿ ਦਸੰਬਰ 2008 ਤੋਂ ਬਾਅਦ ਸੱਭ ਤੋਂ ਵੱਧ ਦਰ ਹੋਣ ਜਾ ਰਹੀ ਹੈ। ਇਸ ਵਾਧੇ ਬਦੌਲਤ ਰੋਇਅਲ ਬੈਂਕ, ਟੀ ਡੀ, ਬੀ ਐਮ ਓ ਅਤੇ ਸੀ ਆਈ ਬੀ ਸੀ ਨੇ ਆਪਣੀਆਂ ਪ੍ਰਾਈਮ ਵਿਆਜ਼ ਦਰਾਂ ਨੂੰ 3.70% ਤੋਂ ਚੁੱਕ ਕੇ 3.95% ਕਰ ਦਿੱਤਾ ਹੈ। ...ਬਾਕੀ ਪੰਨਾ 6 'ਤੇ


PROTECT YOUR HOME FROM PESTS
Low Rates/Excellent Pest Control Services
100% Success rate for bed bug Treatment
Free Home Inspection; Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

JOSHI LAW OFFICE
Barrister, Solicitor & Notary Public
E-mail : info@joshilawoffice.com
Immigration
Real Estate / Commercial Law
Affidavit / Power of Attorney
416-213-8600
Rakesh M. Joshi B.A., LL.B.
6921 Steeles Ave. W. Unit 11, Etobicoke, ON

INSURANCE
HOME | AUTO | BUSINESS | TRUCKING | R.E.S.P | COMMERCIAL
Tel: 647-206-2452
Sukhwinder K Singh
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
Manwinder Mangat
416-845-1352
1332 Khalsa Dr, Unit # 11, Mississauga | Axxel Insurance Brokers Ltd.

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA
Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

GOEL TRAVEL
Low Rates
Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
905.796.7500
900 Raylawson Blvd. Unit # 6, Brampton

INSURANCE
Life / Disability / Critical Illness
Super Visa / Visitor / Travel /
RRSP / RESP /
SHEVINDER SIDHU
Insurance Advisor
416-557-8080
shevindersidhu@gmail.com
10-7003 Steeles Ave. West, Etobicoke

FREE Examination
Help!
ਬਵਾਸੀਰ ਤੋਂ ਛੁਟਕਾਰਾ ਪਾਓ
HEMORRHOIDS FISTULAS FISSURES
Effective Treatments: Anal Eczema, Colities, Neurodermatitis, Eczema, Chloasma, Psoriasis, Herpes, Rosacea, Vitiligo, Acne & other common diseases
Company Insurance Accepted
NAITCM Applying Zhang's Herbal Formulas & Technics
N.A.I. TCM TREATMENT CENTRE
905 812 7778 www.naitcm.com
6655 Kitimat Rd. Suite 13, Mississauga, ON. L5N 6J4

Canada Consumer Credit Assistance
ਕਰਜ਼ਾ ਰਹਿਤ ਜਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888 864 3131
Jasbir Singh Hundal
Qualified Credit Counsellor
416-502-3100
Unit #20 - 7015 Tranmere Drive Mississauga, ON L5S 1T7
www.MakeMeDebtFree.ca

SUPER VISA INSURANCE
VISITOR VISA INSURANCE
TRAVEL INSURANCE
STUDENT INSURANCE
NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana 416-910-9000 rana@punjabinsurance.ca
10-7003 Steeles Ave West, Etobicoke, ON M9W 0A2
Harpreet Rana 416-871-3571 harpreetrana@punjabinsurance.ca

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
The Mortgage Centre
Avon Financial Inc.
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ
647-784-1213
www.aaalandscaping.ca
ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
ਨਵਾਂ ਘਾਹ ਲਵਾਉ
ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL
416 938 4598

KELLEY LAW OFFICE
AREA OF PRACTICE
Immigration, Real Estate, Family Law, Business Closing, Corporate, Wills & Estate, Power of Attorney/Affidavit / Attestations
SHINDER KELLEY
Barrister, Solicitor & Notary Public
PH. : 905-362-0755
www.kelleylawoffice.ca
1200 Derry Road East Unit #15, Mississauga, ON L5T 0B3

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

ਕੀ ਤੁਸੀ ਕਿੜੇ-ਮੁਕੌੜਿਆਂ ਤੋਂ ਪਰੇਸ਼ਾਨ ਹੋ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE PEST CONTROL SERVICES
ਅੱਜ ਹੀ ਕਾਲ ਕਰੋ
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
647.990.3205

MANN LAW FIRM
Real Estate Law, Business Law, Wills & Estates, Family Law, Power of Attorney, Civil Litigation, Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Toronto Pest Arrest
Pest Control Residential /Commercial/Industrial
Specialist in Bed Bed Bugs & Cockroaches Services
Ants, Rats, Mice, Centipedes
Bed Bugs, Spider, Beetle
& Cockroaches Control
SAME DAY SERVICE & 100% SATISFACTION GUARANTEED
Discount For Seniors Single Mothers & Students
CALL FOR FREE ESTIMATES :
647-515-8000
ਅਸੀਂ ਪੰਜਾਬੀ ਬੋਲਦੇ ਹਾਂ

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
Protect yourself & your family from the Pests
Ants, Bees, Bed Bugs, Beetles, Racoons, Cockroaches, Centipedes, Flea, Hornets, Squirrel, Rats & Mice, Silverfish, Spiders
100% removal of all pests written Guarantee
Sanket (Govt Licensed Exterminator)
647-339-3926
UNMARKED VEHICLE AVAILABLE
Email: aristopest@gmail.com
www.aristopestcontrol.com

## ਮੰਨ ਪਸੰਦ ਦੀ Kitchen and Washroom ਬਣਵਾਓ

**Pearson**
**Kitchen & Cabinet**

Free Estimate
We Specialize in granite, quartz & marble countertops




### We Specialize In:

100% Satisfaction On Time

- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਬਹੁਤ ਘੱਟ ਰੇਟ ਤੇ ਸਮੇਂ ਸਿਰ ਕੰਮ

Call **Vikramjit Sangha: 416-200-0931**

Special Discount for Contractors | Buy Direct From The Factory

271 - Glidden Rd. Unit#5, Brampton (Kennedy&Glidden)

## A/Z Drivers Needed/ਡਰਾਈਵਰਾਂ ਦੀ ਲੋੜ



- *Team Drivers Needed Immediately*
- *Dedicated AutoPart Runs To Texas, Missouri, Kansas*
- *Permanent Schedule for whole year*
- *Always Go to same Shippers **No Waiting at All***
- ***Highest Pay Rate** Package Plus HST*
- *New Model Volvo Trucks*
- *Paid Every Week On Friday*
- *20,000 to 24,00 Miles in a Month*
- ***Always Home At Weekends***
- *Can Work From Brampton, Woodstock or London*

- Autoparts ਦੇ ਡੈਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਉ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

**New Drivers Are Also Welcome, We Give Paid Training With Full Time Job**

**For Further Information Contact: 6476253344**

jobs! jobs! jobs! jobs! jobs!

DUNDAS-JAFINE

## HELP WANTED

### ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:

110 Glidden Rd., Brampton 905-458-4733 (see Kamal)

SimConnect
FREIGHT MANAGEMENT

## HIRING OWNER OPERATORS FOR LAREDO TX & MIDWEST LANES

ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ



Owner Operator up to 1.65 Per miles

Company Drivers :
Solo/Team : upto .65 Cents Per Mile

Sim Connect Freight Management

24 Hrs Dispatch

**Ph: (905)915-1805/(905)799-8822**

3380 Airway Dr Mississauga Ontario L4T1V3

chatr MOBILE

NOW GET
~~4GB~~ 5GB DATA
ON OUR $45/MO. PLAN
AUTO-PAY BONUS

LET'S GET GOING
CHATRMOBILE.COM

VISIT OUR LOCATION TODAY!

379 MAIN ST. N., BRAMPTON, (905) 451-0379 | 2456 LAKE SHORE BLVD W., (416) 259-3654

chatr AUTHORIZED DEALER

Offer available to new and existing pre-paid customers signing up for the auto-pay plan above and to existing auto-pay customers on the plan above who upgrade to the auto-pay bonus (data bonus will be valid from the next anniversary date). Limited time offer. Subject to change without notice. Once you reach your 3G speed data allotment, your data speed will be reduced until your next anniversary date. Taxes extra. © 2018

## ਅੱਜ ਨਾਮਾ >>

ਝਗੜਾ ਮੁੱਕਦਾ ਹੀ ਨਹੀਂ ਆਪ ਪਾਰਟੀ ਦਾ,
ਮੀਟਿੰਗ ਹੋਈ ਤੇ ਫਿਰ ਅਣਹੋਈ ਹੋ ਗਈ।
ਲੁਕੀ ਹੋਈ ਕੋਈ ਗੱਲ ਨਹੀਂ ਬਾਹਰ ਆਈ,
ਨਿਕਲੀ ਬਾਹਰ ਵੀ ਸਗੋਂ ਲੁਕੋਈ ਹੋ ਗਈ।
ਮੁੱਦਾ ਇੱਕ ਵੀ ਕਿਤੇ ਕੋਈ ਮੁੱਕਿਆ ਨਹੀਂ,
ਫਸਵੇਂ ਮੁੱਦਿਆਂ ਦੀ ਨ੍ਹਾਈ-ਧੋਈ ਹੋ ਗਈ।
ਬਹਿ ਕੇ ਅੰਦਰ ਤਾਂ ਭੜਕ ਸੀ ਰਹੇ ਬਾਹਲੇ,
ਬਾਹਰ ਕਹਿੰਦੇ ਸੀ ਸਾਡੀ ਸਮੋਈ ਹੋ ਗਈ।
ਲਾਉਣੀ ਹੁੰਦੀ ਜੇ ਗੱਲ ਕੋਈ ਤਣ-ਪੱਤਣ,
ਕਰਨਾ ਚਾਹੀਦਾ ਸੀ ਹੋਮ-ਵਰਕ ਪਹਿਲਾਂ।
ਭਾਲ ਕੇ ਮਿੱਤਰ ਦੁਵੱਲੀ ਕੁਝ ਸਾਂਝ ਵਾਲੇ,
ਕੁਝ ਤਾਂ ਮੇਟ ਲੈਂਦੇ ਥੋੜ੍ਹਾ ਫਰਕ ਪਹਿਲਾਂ।

**ਤੀਸ ਮਾਰ ਖਾਂ**

## ਲਿੰਡਾ ਜੈੱਫ਼ਰੀ ਨੂੰ ਹਰਾ ਕੇ ਪੈਟਰਿਕ ਬਰਾਊਨ ਬਣੇ ਬਰੈਂਪਟਨ ਦੇ ਨਵੇਂ ਮੇਅਰ

### ਬਰੈਂਪਟਨ ਦੇ ਪੰਜਾਬੀ ਉਮੀਦਵਾਰਾਂ ਵਿੱਚੋਂ ਗੁਰਪ੍ਰੀਤ ਢਿੱਲੋਂ ਤੇ ਹਰਕੀਰਤ ਸਿੰਘ ਹੀ ਹੋ ਸਕੇ ਬਰੈਂਪਟਨ ਕਾਊਂਸਲ ਵਿਚ ਦਾਖ਼ਲ

### ਵਾਰਡ 9-10 'ਚੋਂ ਬਲਬੀਰ ਸੋਹੀ ਬਣੀ ਸਕੂਲ-ਟਰੱਸਟੀ * ਟੋਰਾਂਟੋ ਵਿਚੋਂ ਜੌਹਨ ਟੋਰੀ ਤੇ ਮਿਸੀਸਾਗਾ ਵਿਚ ਬੌਨੀ ਕਰੌਬੀ ਮੁੜ ਮੇਅਰ ਚੁਣੇ ਗਏ





ਬਰੈਂਪਟਨ, (ਡਾ. ਝੰਡ) - ਬਰੈਂਪਟਨ ਸਿਟੀ ਕਾਓਂਨਸਲ ਲਈ 22 ਅਕਤੂਬਰ ਨੂੰ ਹੋਈਆਂ ਚੋਣਾਂ ਵਿਚ ਪੈਟਰਿਕ ਬਰਾਊਨ ਨੇ ਆਪਣੀ ਸੱਭ ਤੋਂ ਨੇੜਲੀ ਉਮੀਦਵਾਰ ਲਿੰਡਾ ਜੈੱਫ਼ਰੀ ਨੂੰ ਚਾਰ ਹਜ਼ਾਰ ਤੋਂ ਵਧੇਰੇ ਵੋਟਾਂ ਦੇ ਫ਼ਰਕ ਨਾਲ ਹਰਾ ਕੇ ਬਰੈਂਪਟਨ ਦੇ ਮੇਅਰ ਦੀ ਕੁਰਸੀ 'ਤੇ ਆਪਣਾ ਹੱਕ ਜਮਾ ਲਿਆ ਹੈ। ਉਨ੍ਹਾਂ ਨੂੰ 44.37% (ਕੁਲ 45771) ਵੋਟਾਂ ਮਿਲੀਆਂ ਅਤੇ ਲਿੰਡਾ ਜੈੱਫ਼ਰੀ ਨੂੰ 40.69% (ਕੁਲ 4105)(ਵੋਟਾਂ ਪ੍ਰਾਪਤ ਹੋਈਆਂ ਹਨ ਜਦ ਕਿ ਇਸ ਦੌੜ ਵਿਚ ਸ਼ਾਮਲ ਦੋ ਨਾਮਵਰ ਉਮੀਦਵਾਰਾਂ ਵਿਚ ਸ਼ਾਮਲ ਜੌਹਨ ਸਪਰੌਵਰੀ ਨੂੰ ਪੋਲ ਹੋਈਆਂ ਕੁਲ ਵੋਟਾਂ ਦਾ 4.81% ਅਤੇ ਬਲ ਗੌਸਲ ਨੂੰ 5.12% ਹਿੱਸਾ ਹੀ ਮਿਲ ਸਕਿਆ ਹੈ। ਬਾਕੀ ਦੀਆਂ ਥੋੜ੍ਹੀਆਂ ਬਹੁਤ ਵੋਟਾਂ ਹੋਰ ਵਿਨੋਦ ਮਹੇਸਨ, ਵੈਸਲੇ ਜੈਕਸਨ ਅਤੇ ਮਨਸੂਰ ਅਮੀਰਸੁਤਾਨ ਨੂੰ ਵੰਡਵੀਆਂ ਪਈਆਂ। ਇਸ ਤਰ੍ਹਾਂ ਇਹਮੁੱਖ-ਮੁਕਾਬਲਾ ਪੈਟਰਿਕ ਬਰਾਊਨ ਅਤੇ ਲਿੰਡਾ ਜੈੱਫ਼ਰੀ ਵਿਚਕਾਰ ਹੀ ਰਿਹਾ।

ਇੱਥੇ ਇਹ ਦੱਸਣਾ ਕੁਥਾਂ ਨਹੀਂ ਹੋਵੇਗਾ ਪੈਟਰਿਕ ਬਰਾਊਨ ਨੂੰ ਕੁਝ ਸਾਲ ਪਹਿਲਾਂ ਦੋ ਔਰਤਾਂ ਵੱਲੋਂ ਲਗਾਏ ਗਏ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਕਾਰਨ ਜਨਵਰੀ ਮਹੀਨੇ ਵਿਚ ਪੀ.ਸੀ.ਪਾਰਟੀ ਦੇ ਮੁਖੀ ਵਜੋਂ ਅਸਤੀਫ਼ਾ ਦੇਣਾ ਪਿਆ ਸੀ। ਪਾਰਟੀ ਦੇ ਇਸ ਅਹੁਦੇ ਲਈ ਫ਼ਰਵਰੀ ਵਿਚ ਹੋਈ ਚੋਣ ਵਿਚ ਉਹ ਮੁੜ ਉਮੀਦਵਾਰ ਬਣੇ ਸਨ ਪਰ ਫਿਰ ਕੁਝ ਦਿਨਾਂ ਬਾਅਦ ਹੀ ਉਨ੍ਹਾਂ ਇਰਾਦਾ ਬਦਲ ਲਿਆ ਅਤੇ ਆਪਣਾ ਨਾਂ ਵਾਪਸ ਲੈ ਲਿਆ। ਫਿਰ ਜੁਲਾਈ ਵਿਚ ਪੀਲ ਰੀਜਨਲ ਚੇਅਰ ਲਈ ਕੋਸ਼ਿਸ਼ ਕੀਤੀ ਪਰ ਜੂਨ ਦੇ ਅਖ਼ੀਰ ਵਿਚ ਓਨਟਾਰੀਓ ਵਿਚ ਡੱਗ ਫ਼ੋਰਡ ਦੀ ਸਰਕਾਰ ਬਣ ਜਾਣ 'ਤੇ ਉਨ੍ਹਾਂ ਵੱਲੋਂ ਇਹ ਅਹੁਦਾ ਹੀ ਖ਼ਤਮ ਕਰ ਦਿੱਤਾ ਗਿਆ ਅਤੇ ਬਰਾਊਨ ਦੀ ਇਹ ਇੱਛਾ ਪੂਰੀ ਨਾ ਹੋ ਸਕੀ। ਆਪਣੇ ਵੱਲੋਂ ਕੀਤੀ ਗਈ ਤੀਸਰੀ ਕੋਸ਼ਿਸ਼ ਵਿਚ ਉਹ ਅਖ਼ੀਰ ਬਰੈਂਪਟਨ ਦੇ ਮੇਅਰ ਬਣਨ ਵਿਚ ਕਾਮਯਾਬ ਹੋ ਗਏ ਹਨ ਪਰ ਇਸ ਦੇ ਲਈ ਉਨ੍ਹਾਂ ਨੂੰ ਕਾਫ਼ੀ ਸਖ਼ਤ ਮਿਹਨਤ ਕਰਨੀ ਪਈ ਹੈ। ਵੱਖ-ਵੱਖ ਚੋਣ-ਵਿਸ਼ਲੇਸ਼ਕਾਂ ਵੱਲੋਂ ਪਿਛਲੇ ਹਫ਼ਤੇ ਦੇ ਅਖ਼ੀਰ ਤੱਕ ਲਿੰਡਾ ਜੈੱਫ਼ਰੀ ਦਾ ਪੱਲੜਾ ਭਾਰੀ ਦੱਸਿਆ ਜਾ ਰਿਹਾ ਸੀ ਕਿਉਂਕਿ ਉਨ੍ਹਾਂ ਨੂੰ ਬਰੈਂਪਟਨ ਦੇ ਲਿਬਰਲ ਪਾਰਟੀ ਦੇ ਪੰਜੇ ਪਾਰਲੀਮੈਂਟ ਮੈਂਬਰਾਂ ਅਤੇ ਚਾਰ ਐੱਮ.ਪੀ.ਪੀਆਂ ਦੀ ਹਮਾਇਤ ਹਾਸਲ ਸੀ ਜੋ ਵੱਖ-ਵੱਖ ਪਾਰਟੀਆਂ ਐੱਨ.ਡੀ.ਪੀ. ਅਤੇ ਪੀ.ਸੀ. ਨਾਲ ਸਬੰਧਿਤ ਹਨ, ਪਰ ਚੋਣਾਂ ਤੋਂ ਦੋ-ਤਿੰਨ ਦਿਨਾਂ ਪਹਿਲਾਂ ਹੀ ਇਸ ਚੋਣ ਸੀਨ ਦਾ ਪਾਸਾ ਪਲਟ ਗਿਆ।

ਇਸ ਵਾਰ ਬਰੈਂਪਟਨ ਵਿਚ ਵੱਡੀ ਗਿਣਤੀ ਵਿਚ ਪੰਜਾਬੀ ਉਮੀਦਵਾਰ ਵੱਖ-ਵੱਖ ਅਹੁਦਿਆਂ ਲਈ ਖੜੇ ਸਨ ਪਰ ਉਨ੍ਹਾਂ ਵਿੱਚੋਂ ਕੇਵਲ ਦੋ ਉਮੀਦਵਾਰ ਗੁਰਪ੍ਰੀਤ ਸਿੰਘ ਢਿੱਲੋਂ ਅਤੇ ਹਰਕੀਰਤ ਸਿੰਘ ਹੀ ਸਿਟੀ ਕਾਊਂਸਲ ਹਾਲ ਵਿਚ ਵਿਚ ਜਾਣ ਲਈ ਸਫ਼ਲ ਹੋਏ ਹਨ ਅਤੇ ਇਹ ਦੋਵੇਂ ਹੀ ਵਾਰਡ 9-10 ਵਿੱਚੋਂ ਹਨ। ਗੁਰਪ੍ਰੀਤ ਢਿੱਲੋਂ ਰੀਜਨਲ ਕਾਊਂਸਲਰ ਵਜੋਂ ਕਾਮਯਾਬ ਹੋਏ ਹਨ ਅਤੇ ਹਰਕੀਰਤ ਸਿੰਘ ਸਿਟੀ ਕਾਊਂਸਲਰ ਵਜੋਂ। ਜ਼ਿਕਰਯੋਗ ਹੈ ਇਹ ਜੋੜੀ ਪਿਛਲੀ ਵਾਰ ਇੱਥੋਂ ਕ੍ਰਮਵਾਰ ਸਿਟੀ ਕਾਊਸਲਰ ਅਤੇ ਸਕੂਲ-ਟਰੱਸਟੀ ਵਜੋਂ ਬਾਖ਼ੂਬੀ ਕੰਮ ਕਰ ਚੁੱਕੀ ਹੈ ਜਿਸ ਦਾ ਫਲ ਇਨ੍ਹਾਂ ਨੂੰ ਇਸ ਮੌਜੂਦਾ ਚੋਣ ਵਿਚ ਸਫ਼ਲਤਾ ਦੇ ਰੂਪ ਵਿਚ ਮਿਲਿਆ ਹੈ। ਇਨ੍ਹਾਂ ਦੋਹਾਂ ਨੇ ਆਪਣੇ ਵਿਰੋਧੀ ਉਮੀਦਵਾਰਾਂ ਨੂੰ ਹਰਾਇਆ ਵੀ ਬਹੁਤ ਵੱਡੇ ਫ਼ਰਕ (ਦੁੱਗਣੇ-ਤਿਗਣੇ) ਨਾਲ ਹੈ ਜੋ ਇਨ੍ਹਾਂ ਦੀ ਲੋਕ-ਪ੍ਰੀਅਤਾ ਨੂੰ ਭਲੀ-ਭਾਤ ਦਰਸਾਉਂਦਾ ਹੈ। ਉਮੀਦ ਕੀਤੀ ਜਾਂਦੀ ਹੈ ਕਿ ਇਹ ਦੋਵੇਂ ਅੱਗੋਂ ਵੀ ਟੀਮ ਵਾਂਗ ਓਸੇ ਉਤਸ਼ਾਹ, ਹਿੰਮਤ ਅਤੇ ਦਲੇਰੀ ਨਾਲ ਕੰਮ ਕਰਨਗੇ। ਵੈਸੇ, ਕਈ ਲੋਕ ਕੁਝ ਹੋਰ ਉਮੀਦਵਾਰਾਂ, ਜਿਵੇਂ ਵਾਰਡ 2 ਤੇ 6 ਤੋਂ ਰੀਜਨਲ ਕਾਊਂਸਲਰ ਲਈ ਗੁਰਪ੍ਰੀਤ ਬੈਂਸ, ਵਾਰਡ 3-4 ਤੋਂ ਸਿਟੀ ਕਾਊਸਲਰ ਲਈ ਹਰਪ੍ਰੀਤ ਹੰਸਰਾ ਅਤੇ ਵਾਰਡ 7-8 ਤੋਂ ਸਿਟੀ ਕਾਊਂਸਲਰ ਮਾਰਟਿਨ ਸਿੰਘ ਦੇ ਜਿੱਤਣ ਦੀ ਵੀ ਆਸ ਕਰ ਰਹੇ ਸਨ ਪਰ ਚੋਣ ਨਤੀਜੇ ਆਉਣ 'ਤੇ ਉਹ ਕਾਫ਼ੀ ਪਿੱਛੇ ਰਹਿ ਗਏ ਹਨ। ਹਾਰਨ ਵਾਲੇ ਹੋਰ ਪੰਜਾਬੀ ਉਮੀਦਵਾਰਾਂ ਵਿਚ ਵਿੱਕੀ ਢਿੱਲੋਂ, ਹਰਵੀਨ ਧਾਲੀਵਾਲ, ਗੁਰਵਿੰਦਰ ਸਿੰਘ, ਨਿਸ਼ੀ ਸਿੱਧੂ ਅਤੇ ਮੋਕਸ਼ੀ ਵਿਰਕ ਸ਼ਾਮਲ ਹਨ।

ਬਰੈਂਪਟਨ ਰੀਜਨਲ ਕਾਊਂਸਲ ਲਈ ਵਾਰਡ 1 ਤੇ 5 ਤੋਂ ਪਾਲ ਵਿਸੈਂਟ, ਵਾਰਡ 2 ਤੇ 6 ਤੋਂ ਮਾਈਕਲ ਪਾਲ ਪਾਲੈਸ਼ੀ, ਵਾਰਡ 3-4 ਤੋਂ ਮਾਰਟੇਨ ਮਿਡੀਰੇਸ ਅਤੇ ਵਾਰਡ 7-8 ਤੋਂ ਪਾਲ ਫੋਰਟੀਨੀ ਚੁਣੇ ਗਏ ਹਨ। ਏਸੇ ਤਰ੍ਹਾਂ ਬਰੈਂਪਟਨ ਸਿਟੀ ਕਾਊਂਸਲ ਲਈ ਵਾਰਡ 1 ਤੇ 5 ਤੋਂ ਰੋਵੇਨਾ ਸੈਂਟੋਜ਼, ਵਾਰਡ 2 ਤੇ 6 ਤੋਂ ਡੱਗ ਵਿਲਹਾਂਸ, ਵਾਰਡ 3-4 ਤੋਂ ਜੈੱਫ਼ ਬਾਊਮਨ ਅਤੇ ਵਾਰਡ 7-8 ਵਿੱਚੋਂ ਸਾਰਮੇਨ ਵਿਲੀਅਮਜ਼ ਕਾਮਯਾਬ ਹੋਏ ਹਨ।

ਪੀਲ ਡਿਸਟ੍ਰਿਕਟ ਸਿੱਖਿਆ ਬੋਰਡ ਦੇ ਸਕੂਲ-ਟਰੱਸਟੀ ਵਜੋਂ ਵਾਰਡ 9-10 ਵਿੱਚੋਂ ਬਲਬੀਰ ਸੋਹੀ ਸਫ਼ਲ ਹੋਏ ਹਨ। ਉਨ੍ਹਾਂ ਦਾ ਇਸ ਅਹੁਦੇ ਲਈ ਪੱਤਰਕਾਰ ਸਤਪਾਲ ਸਿੰਘ ਜੌਹਲ ਨਾਲ ਸਖ਼ਤ ਮੁਕਾਬਲਾ ਸੀ ਅਤੇ ਉਹ ਇਸ ਵਿਚ 800 ਤੋਂ ਵਧੇਰੇ ਵੋਟਾਂ ਦੇ ਫ਼ਰਕ ਨਾਲ ਕਾਮਯਾਬ ਹੋਏ ਹਨ। ਇਸ ਵਾਰਡ ਵਿੱਚੋਂ ਇਸ ਅਹੁਦੇ ਲਈ ਦਰਜਨ ਉਮੀਦਵਾਰ ਸਨ ਅਤੇ ਬਾਕੀ ਹੋਰ ਉਮੀਦਵਾਰਾਂ ਵਿਚ ਅੱਧੀ ਦਰਜਨ ਪੰਜਾਬੀ ਉਮੀਦਵਾਰ ਹੀ ਹਨ। ਇਸ ਦੌਰਾਨ ਇਨ੍ਹਾਂ ਚੋਣਾਂ ਵਿਚ ਟੋਰਾਂਟੋ ਮਹਾਂਨਗਰ ਵਿੱਚੋਂ ਜੌਹਨ ਟੋਰੀ ਦੂਸਰੀ ਵਾਰ ਮੇਅਰ ਬਣੇ ਹਨ ਅਤੇ ਬਰੈਂਪਟਨ ਦੇ ਗਵਾਂਢੀ ਸ਼ਹਿਰ ਮਿਸੀਸਾਗਾ ਵਿੱਚੋਂ ਬੌਨੀ ਕਰੌਂਬੀ ਵੀ ਇਸ ਅਹੁਦੇ ਲਈ ਮੁੜ ਚੁਣੇ ਗਏ ਹਨ। ਇਨ੍ਹਾਂ ਦੋਹਾਂ ਆਗੂਆਂ ਦੀ ਸਫ਼ਲਤਾ ਇਨ੍ਹਾਂ ਦੀ ਪਿਛਲੀ ਟਰਮ ਦੀ ਕਾਰਗੁਜ਼ਾਰੀ ਅਤੇ ਕਾਰਜ-ਸ਼ੈਲੀ ਉੱਤੇ ਲੋਕਾਂ ਵੱਲੋਂ ਲਾਈ ਮੋਹਰ ਕਹੀ ਜਾ ਸਕਦੀ ਹੈ।

## 319 ਫਰਜ਼ੀ ਪਾਸਪੋਰਟ ਵਾਲਿਆਂ ਦੀ ਗ੍ਰਿਫਤਾਰੀ ਕਰਨ ਲਈ ਲੁੱਕ ਆਊਟ ਨੋਟਿਸ ਜਾਰੀ

ਮੋਗਾ, 24 ਅਕਤੂਬਰ (ਪੋਸਟ ਬਿਊਰੋ)- ਇਸ ਸ਼ਹਿਰ ਦੇ ਥਾਣਾ ਸਿਟੀ ਵਿੱਚ ਦਰਜ 10 ਸਾਲ ਪੁਰਾਣੇ ਪਾਸਪੋਰਟ ਘੁਟਾਲੇ ਵਿੱਚ ਜਾਅਲੀ ਦਸਤਾਵੇਜ਼ਾਂ 'ਤੇ ਬਣੇ 319 ਪਾਸਪੋਰਟਾਂ ਦੇ ਧਾਰਕਾਂ ਦੀ ਗ੍ਰਿਫਤਾਰੀ ਲਈ ਪੁਲਸ ਨੇ 'ਲੁੱਕ ਆਊਟ ਨੋਟਿਸ' ਜਾਰੀ ਕੀਤਾ ਹੈ। ਅਦਾਲਤ ਦੀ ਮਨਜ਼ੂਰੀ ਨਾਲ 50 ਲੱਖ ਰੁਪਏ ਦਾ ਜ਼ਮਾਨਤੀ ਮੁਚੱਲਕਾ ਭਰ ਕੇ ਵਿਦੇਸ਼ ਗਏ 11 ਮੁਲਜ਼ਮ ਵਾਪਸ ਨਹੀਂ ਪਰਤੇ, ਜਿਨ੍ਹਾਂ ਨੂੰ ਭਗੌੜਾ ਐਲਾਨਿਆ ਜਾ ਚੁੱਕਾ ਹੈ। ਇਸ ਸੰਬੰਧ ਵਿੱਚ ਥਾਣਾ ਸਿਟੀ ਵਿੱਚ 13 ਜੁਲਾਈ 2008 ਨੂੰ ਪੁਲਸ ਮੁਲਾਜ਼ਮ ਸਤਪਾਲ ਸਿੰਘ ਦੀ ਸ਼ਿਕਾਇਤ 'ਤੇ ਦਰਜ ਕੇਸ ਵਿੱਚ ਇਸ ਜ਼ਿਲੇ ਨਾਲ ਸਬੰਧਤ 2002 ਤੋਂ 2008 ਤੱਕ 795 ਪਾਸਪੋਰਟ ਅਰਜ਼ੀਆਂ ਦੀ ਜਾਂਚ ਦੌਰਾਨ ਕਰੀਬ 398 ਪਾਸਪੋਰਟ ਫਰਜ਼ੀ ਦਸਤਾਵੇਜ਼ਾਂ 'ਤੇ ਜਾਰੀ ਹੋਣ ਦੀ ਪੁਸ਼ਟੀ ਹੋਈ ਸੀ। ਇਸ ਕੇਸ ਵਿੱਚ 105 ਦੋਸ਼ੀਆਂ ਦੀ ਗ੍ਰਿਫਤਾਰੀ ਹੋਈ, ਜਿਨ੍ਹਾਂ ਵਿੱਚੋਂ ਕੁਝ ਨੂੰ ਪੁਲਸ ਨੇ ਜਾਂਚ ਦੌਰਾਨ ਕਲੀਨ ਚਿੱਟ ਦੇ ਦਿੱਤੀ ਸੀ। ਇਸ ਘੁਟਾਲੇ ਦੀ ਜਾਂਚ ਨਾਲ ਜੁੜੇ ਅਧਿਕਾਰੀ ਨੇ ਦੱਸਿਆ ਕਿ ਘੁਟਾਲੇ ਵਿੱਚ ਕਰੀਬ 319 ਦੋਸ਼ੀਆਂ ਦੀ ਗ੍ਰਿਫਤਾਰੀ ਪੁਲਸ ਲਈ ਸਿਰਦਰਦੀ ਬਣੀ ਹੈ।

## ਮਹਾਰਾਣੀ ਜਿੰਦਾਂ ਦਾ ਹਾਰ 1.87 ਲੱਖ ਪੌਂਡ ਵਿੱਚ ਵਿਕਿਆ

ਲੰਡਨ, 24 ਅਕਤੂਬਰ, (ਪੋਸਟ ਬਿਊਰੋ)- ਮਹਾਰਾਜਾ ਰਣਜੀਤ ਸਿੰਘ ਦੀ ਪਤਨੀ ਮਹਾਰਾਣੀ ਜਿੰਦਾਂ ਦੇ ਗਲੇ ਦਾ ਸ਼ਿੰਗਾਰ ਰਿਹਾ ਪੰਨੇ ਤੇ ਨਿੱਕੇ ਮੋਤੀਆਂ ਵਾਲਾ ਹਾਰ ਅੱਜ ਨਿਲਾਮੀ ਦੌਰਾਨ 1.87 ਲੱਖ ਪੌਂਡ ਦਾ ਵਿਕਿਆ।



ਮਹਾਰਾਣੀ ਜਿੰਦਾਂ, ਜਿਨ੍ਹਾਂ ਨੂੰ ਸਿੱਖ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿੱਛੋਂ ਉਨ੍ਹਾਂ ਦੀਆਂ ਹੋਰ ਮਹਾਰਾਣੀਆਂ ਵਾਂਗ ਸਤੀ ਨਹੀਂ ਹੋਣਾ ਪਿਆ ਸੀ, ਦਾ ਇਹ ਹਾਰ ਆਪਣੀ ਅੰਦਾਜ਼ਨ ਕੀਮਤ, ਜੋ ਅੱਸੀ ਹਜ਼ਾਰ ਤੇ 1.20 ਲੱਖ ਪੌਂਡ ਦੇ ਵਿਚਾਲੇ ਮੰਨੀ ਗਈ ਸੀ, ਤੋਂ ਵੱਧ ਮੁੱਲ 'ਤੇ ਨਿਲਾਮ ਹੋਇਆ। ਇਹ ਹਾਰ ਲਾਹੌਰ ਦਰਬਾਰ ਦੇ ਉਸ ਖ਼ਜ਼ਾਨੇ ਦਾ ਹਿੱਸਾ ਸੀ, ਜਿਸ ਨੂੰ 'ਬੌਨਹੈਮਸ ਇਸਲਾਮਿਕ ਐਂਡ ਇੰਡੀਅਨ ਆਰਟ ਸੇਲ' ਵਜੋਂ ਲੰਡਨ ਵਿੱਚ ਕੱਲ੍ਹ ਨਿਲਾਮ ਕੀਤਾ ਗਿਆ ਸੀ।

ਨਿਲਾਮ ਘਰ ਦੇ ਮੁਤਾਬਕ ਬੋਲੀ ਦੌਰਾਨ ਰੱਖੀਆਂ ਸਾਰੀਆਂ ਵਸਤਾਂ ਮਹਾਰਾਜਾ ਰਣਜੀਤ ਸਿੰਘ ਨਾਲ ਸਬੰਧਤ ਸਨ ਤੇ ਇਨ੍ਹਾਂ ਦੀ ਨਿਲਾਮੀ ਤੋਂ ਕੁੱਲ 18.18 ਲੱਖ ਪੌਂਡ ਦੀ ਕਮਾਈ ਹੋਈ ਹੈ। ਨਿਲਾਮ ਘਰ ਦੇ ਅਧਿਕਾਰੀ ਓਲਿਵਰ ਵ੍ਹਾਈਟ ਨੇ ਕਿਹਾ ਕਿ ਨਿਲਾਮੀ ਵਿੱਚ ਉੱਚੀਆਂ ਕੀਮਤਾਂ ਲੱਗਣ ਤੋਂ ਸਾਫ਼ ਹੈ ਕਿ ਬੋਲੀ ਵੇਲੇ ਮੁਕਾਬਲਾ ਕਾਫ਼ੀ ਸਖ਼ਤ ਸੀ। ਨਿਲਾਮੀ ਦੌਰਾਨ ਸਿੱਖ ਖ਼ਜ਼ਾਨੇ ਦੀਆਂ ਜਿਹੜੀਆਂ ਹੋਰ ਵਸਤਾਂ ਬੋਲੀ ਲਈ ਰੱਖੀਆਂ ਗਈਆਂ, ਉਨ੍ਹਾਂ ਵਿੱਚ ਮਖਮਲ ਦੇ ਕੱਪੜੇ, ਜਿਸ ਉੱਤੇ ਸੋਨੇ ਦੇ ਧਾਗੇ ਦੀ ਕਢਾਈ ਕੀਤੀ ਹੋਈ ਸੀ, ਨਾਲ ਢੱਕਿਆ ਚਮੜੇ ਦਾ ਬਣਿਆ ਤਰਕਸ਼, ਜੋ ਮਹਾਰ-ਾਜਾ ਰਣਜੀਤ ਸਿੰਘ ਲਈ ਖਾਸ ਤੌਰ ਉੱਤੇ ਬਣਾਇਆ ਗਿਆ ਸੀ, ਵੀ ਸ਼ਾਮਲ ਸੀ। ਇਹ ਤਰਕਸ਼ ਬੋਲੀ ਦੌਰਾਨ ਇਕ ਲੱਖ ਪੌਂਡ ਵਿੱਚ ਨਿਲਾਮ ਹੋਇਆ। ਮੰਨਿਆ ਜਾਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਇਹ ਤਕਰਸ਼ 1838 ਵਿੱਚ ਆਪਣੇ ਵੱਡੇ ਪੁੱਤਰ ਦੇ ਵਿਆਹ ਮੌਕੇ ਪਹਿਨਿਆ ਸੀ। 19ਵੀਂ ਸਦੀ ਦੀ ਆਖਰੀ ਤਿਮਾਹੀ ਵਿੱਚ ਪੰਜਾਬ ਉੱਤੇ ਅੰਤਰ ਝਾਤ ਪਾਉਂਦੀਆਂ 120 ਤਸਵੀਰਾਂ ਦੀ ਕੁਲੈਕਸ਼ਨ ਵੀ ਇਸ ਨਿਲਾਮੀ ਦਾ ਹਿੱਸਾ ਬਣੀ ਹੋਈ ਸੀ।

COLUMBUS TRUCK WASH
Open 7 Days

A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

A1 HERBAL Ayurvedic Clinic

ਡਿਸਕ, ਮੋਚ, ਚੁੱਕ, ਧਰਨ, ਰੀਹ
● ਗਰਦਨ ਦਰਦ ● ਸਿਰਦਰਦ ● ਕਮਰ ਦਰਦ
● ਡਿਸਕ ਦਾ ਦਰਦ ● ਤੁਰਨ ਵੇਲੇ ਲੱਤਾਂ ਵਿੱਚ ਦਰਦ
● ਗੋਡਿਆਂ ਵਿੱਚ ਦਰਦ ਜਾਂ ਸੋਜ ● ਪੱਸਲੀਆਂ ਦਾ ਦਰਦ
● ਅੱਡੀਆਂ ਦਾ ਦਰਦ ● ਉੱਠ ਬੈਠ ਨਾ ਸਕਣਾ
ਗੱਠੀਆ ਦਾ ਪੱਕਾ ਹਰਬਲ ਇਲਾਜ
ਅਸੀਂ ਆਯੁਰਵੇਦਿਕ ਥੈਰਪੀ ਵੀ ਕਰਦੇ ਹਾਂ
ਜਿਵੇਂ ਸ਼ਿਰੋਧਾਰਾ, ਨੱਸਿਆ, ਨੇਤਰਵਸਤੀ
ਅਸੀਂ ਥੈਰਪੀ ਵਾਸਤੇ ਹਰ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
Herbalist G. Rubal RNCP
ਇੱਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ
www.A1HERBAL.ca
Ph# 905-874-3333
351 Parkhurst Sq, unit 11, Brampton ON L6T 0C2
Across from 747 Flea Market (Airport Rd & Steels Ave.)
Custom Orthotics ਲੈ ਸਕਦੇ ਹੋ


REXDALE FINANCIAL SERVICES
WE HELP YOU START, GROW AND SUCCEED
Call now 416-674-8035
Tired pf Paying High Interest ?
PAY OFF YOUR DEBITS
BANKS SAY NO? WE SAY YES !
Increase Your Cash Flow by Upto 50%
YOU NEED A MORTGAGE ? WE'LL ARRANGE IT FOR YOU NO MATTER WHAT YOUR REASON IS !
Take advantage of the low mortgage rates that are being offered & save thousand of dollars
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
BEHIND ON YOUR MORTGAGE PAYMENTS ?
SHOPPING FOR A BETTER INTEREST RATE?
MORTGAGES SUITABLE FOR EVERY NEED !
1st, 2nd and 3rd Mortgages Available !
ALL IN ONE LOW MONTHLY PAYMENT !

NO CREDIT ANY CREDIT
Do You Want To?
• Pay Off All Your Credit Cards/Loans At Once
• Consolidate Your 1st & 2nd Mortgages
• Finance Those Renovations That Your Family Always Wants
• Renew Your Mortgage For Lower Rates
SELF-EMPLOYED OR UN-EMPLOYED
Some Conditions Apply
Om Mehta # M08006224 416-791-8193
Jaspal Singh Gahunia # M08006400 416-677-0047
The Mortgage Centre
19 Woodbine Downs Blvd., Unit 201, Etobicoke, ON M9W 6N5

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ ਫੈਟੀ ਲਿਵਰ
ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼
Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Self Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
ਅਡੀਆਂ ਦੀਆਂ ਹਡੀਆਂ ਵੱਧ ਜਾਣਾ ਅਤੇ ਦਰਦ ਦਾ ਪਕਾ ਇਲਾਜ
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ
ਫੇਸ ਤੇ ਫਿੰਸੀਆਂ, ਫੌੜੀਆ ਤੇ ਔਰਤਾਂ ਦੀਆਂ ਯੂਟਰਸ ਦੀਆਂ ਰਸੌਲੀਆਂ ਜ਼ਿੱਦੀ ਸ਼ਾਈਆਂ ਵਰਗੀ ਬਿਮਾਰੀ ਤੋਂ ਛੁਟਕਾਰਾ ਪਾਓ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ, ਆਰਟਰੀ ਦੀ ਬਲੋਕੇਜ, ਮਹਾਵਾਰੀ ਤੇ ਬਾਇਪਾਸ ਸਰਜਰੀ ਤੋ ਬਚਾਉ ਦਾ ਪਕਾ ਇਲਾਜ।
ਬਚਿਆਂ ਤੇ ਵਡਿਆਂ ਦੀ ਪਿਸ਼ਾਬ ਸੰਬੰਧੀ ਬਿਮਾਰੀਆਂ ਦਾ ਵੀ ਇਲਾਜ
ਬਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਆਦਿ ਲਈ ਸੰਪਕਰ ਕਰੋ
ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ।
ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ। No side effects.
ਸੀਜ਼ਨਲ ਅਤੇ ਹਰ ਤਰ੍ਹਾਂ ਦੀ ਐਲਰਜੀ
ਅਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋਂ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋਂ ਇਲਾਜ ਹੈ।
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593
NO SIDE EFFECTS

UK Truck Training Centre
Ministry Approved Private Carrier College

○Automatic & Manual Trucks
●1 on 1 Training
○Forklift Training
Forklift $79 Recertification
Reach Truck
Counterbalance

"We Provide Training For Forklift & Trucks"

17 ਸਾਲਾਂ ਦਾ ਤਜ਼ਰਬਾ | ਸਤੇ ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Kuldip Singh Grewal 647.894.8590
7542 Bath Rd, Mississauga, ON L4T 1L2
Off:905.673.7979

ShergGill Law Firm
Barrister, Solicitor & Notary Public
Services:
● Real Estate
● Residential, Commercial, Franchise
● Criminal Law
● Family Law
● Affidavit, Power Of Attorney & Notarization
● Immigration Matters
Paramjit Singh Gill (MBA,LL.B.)
Phone : 905-790-3636

Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR

TICO # 50022741

ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
GAURAV GUPTA
905.796.3535
LAST MINUTE DEALS AVAILABLE
218 KINGKNOLL DR., BRAMPTON, ON L6Y 4X4

# ਆਮ ਆਦਮੀ ਪਾਰਟੀ ਦੇ ਦੋ ਧੜਿਆਂ ਦੇ ਏਕੇ ਦੀ ਗੱਲ ਇੱਕੋ ਦਿਨ ਵਿੱਚ ਤਿੜਕ ਗਈ

ਚੰਡੀਗੜ੍ਹ, 24 ਅਕਤੂਬਰ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਦਿਲੀ ਪੱਖੀ ਅਤੇ ਪੰਜਾਬ ਦੇ ਖੁਦ-ਮੁਖਤਿਆਰ ਢਾਂਚੇ ਦੇ ਹਮਾਇਤੀ ਧੜਿਆਂ ਵਿਚਕਾਰ ਮੰਗਲਵਾਰ ਨੂੰ ਚੱਲੀ ਏਕੇ ਦੀ ਗੱਲ ਇਕੋ ਦਿਨ ਬਾਅਦ ਤਿੜਕ ਕੇ ਉਸ ਜਗ੍ਹਾ ਜਾ ਪਹੁੰਚੀ ਹੈ ਕਿ ਇਸ ਦੇ ਸਿਰੇ ਲੱਗਣ ਦੀ ਆਸ ਨਹੀਂ ਜਾਪਦੀ।

ਵਰਨਣ ਯੋਗ ਹੈ ਕਿ ਮੰਗਲਵਾਰ ਨੂੰ ਲੋਕ ਸਭਾ ਮੈਂਬਰ ਅਤੇ ਪੰਜਾਬ ਦੀ ਪ੍ਰਧਾਨਗੀ ਤੋਂ ਅਸਤੀਫਾ ਦੇ ਚੁੱਕੇ ਭਗਵੰਤ ਮਾਨ ਅਤੇ ਖਰੜ ਤੋਂ ਵਿਧਾਇਕ ਅਤੇ ਖੁਦ-ਮੁਖਤਿਆਰ ਖੇਮੇ ਦੀ ਰਾਜਸੀ ਮਾਮਲਿਆਂ ਦੀ ਕਮੇਟੀ ਦੇ ਆਗੂ ਕੰਵਰ ਸੰਧੂ ਦੇ ਦਰਮਿਆਨ ਇੱਕ ਸ਼ਾਂਤੀ ਵਾਰਤਾ ਹੋਈ ਸੀ। ਵਿਧਾਨ ਸਭਾ ਵਿੱਚ



ਵਿਰੋਧੀ ਧਿਰ ਦੇ ਸਾਬਕਾ ਆਗੂ ਸੁਖਪਾਲ ਸਿੰਘ ਖਹਿਰਾ ਨੇ ਅੱਜ ਬੁੱਧਵਾਰ ਨੂੰ ਮਾਨ ਧੜੇ ਉੱਤੇ ਦੋਹਰੇ ਮਾਪਦੰਡ ਵਰਤਣ ਦੇ ਦੋਸ਼ ਲਾ ਦਿੱਤੇ ਹਨ। ਉਚੇਚੀ ਸੱਦੀ ਪ੍ਰੈਸ ਕਾਨਫਰੰਸ ਵਿੱਚ ਖਹਿਰਾ ਨੇ ਕਿਹਾ ਕਿ ਇੱਕ ਪਾਸੇ ਹਾਈ ਕਮਾਨ ਸਹਿਮਤੀ ਦੀ ਗੱਲ ਕਰਦੀ ਹੈ, ਦੂਜੇ ਪਾਸੇ ਉਸੇ ਦਿਨ ਪੰਜਾਬ ਵਿੱਚ ਜਥੇਬੰਦਕ ਢਾਂਚੇ ਸਣੇ ਕਈ ਨਵੀਆਂ ਨਿਯੁਕਤੀਆਂ ਕਰ ਦਿੱਤੀਆਂ ਹਨ। ਖਹਿਰਾ ਨੇ ਇਸ ਨੂੰ ਬਦਨੀਤੀ ਕਰਾਰ ਦਿੰਦੇ ਹੋਏ ਕਿਹਾ ਕਿ ਜਦੋਂ ਤੱਕ ਇਨ੍ਹਾਂ ਸਭ ਨਿਯੁਕਤੀਆਂ ਨੂੰ ਰੱਦ ਨਹੀਂ ਕੀਤਾ ਜਾਂਦਾ, ਓਦੋਂ ਤੱਕ ਹੋਰ ਮੀਟਿੰਗ ਸੰਭਵ ਨਹੀਂ। ਖਹਿਰਾ ਧੜੇ ਦਾ ਕਹਿਣਾ ਹੈ ਕਿ ਜੇ ਪਹਿਲੀ ਨਵੰਬਰ ਤੱਕ ਦੋਵਾਂ ਧੜਿਆਂ ਦੀ ਸਹਿਮਤੀ ਨਾ ਬਣੀ ਤਾਂ ਇਹ ਧੜਾ ਪੰਜਾਬ ਵਿਚਲੇ ਆਪਣੇ ਖੁਦ ਮੁਖਤਿਆਰੀ ਦੇ ਮੁੱਦੇ ਉਤੇ ਨਵੇਂ ਢਾਂਚੇ ਦਾ ਐਲਾਨ ਕਰ ਦੇਵੇਗਾ।

ਇਸ ਸੰਬੰਧ ਵਿਚ ਅੱਜ ਸੁਖਪਾਲ ਸਿੰਘ ਖਹਿਰਾ ਨੇ ਵਿਸ਼ੇਸ਼ ਮੀਟਿੰਗ ਕੀਤੀ ਤੇ ਇਸ ਵਿਚ ਆਪਣੀ ਹੀ ਪਾਰਟੀ ਨੂੰ ਅਲਟੀਮੇਟਮ ਦੇ ਦਿੱਤਾ। ਉਨ੍ਹਾਂ ਨੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਦੇ ਅਸਤੀਫੇ ਤੋਂ ਬਾਅਦ ਵਾਰਤਾ ਅੱਗੇ ਤੋਰਨ ਦੀ ਗੱਲ ਵੀ ਕਹੀ। ਵਿਧਾਇਕ ਕੰਵਰ ਸੰਧੂ ਤੇ ਖਹਿਰਾ ਨੇ ਸਾਫ ਕਰ ਦਿੱਤਾ ਕਿ ਉਨ੍ਹਾਂ ਦੀ ਪਾਰਟੀ ਦੇ ਅਹੁਦੇਦਾਰਾਂ ਦਾ ਢਾਂਚਾ ਤਿਆਰ ਪਿਆ ਹੈ, ਪਰ ਅਜੇ ਉਹ ਆਪਣੀ ਰਣਨੀਤੀ ਜ਼ਾਹਰ ਨਹੀਂ ਕਰਨਗੇ। ਖਹਿਰਾ ਨੇ ਕਿਹਾ ਕਿ ਕੁਝ ਲੋਕ ਸਭ ਨੂੰ ਇਕੱਠਾ ਦੇਖਣਾ ਚਾਹੁੰਦੇ ਹਨ ਤੇ ਕੁਝ ਲੋਕ ਵੰਡ ਪਾਊ ਨੀਤੀ ’ਤੇ ਚੱਲ ਰਹੇ ਹਨ।

# ਪੰਜਾਬ ਦੇ ਮੰਤਰੀ ਦੇ ਬਦਤਮੀਜ਼ ਮੈਸੇਜ ਨੇ ਰਾਜ ਸਰਕਾਰ ਕਸੂਤੀ ਫਸਾਈ

ਚੰਡੀਗੜ੍ਹ, 24 ਅਕਤੂਬਰ, (ਪੋਸਟ ਬਿਊਰੋ)- ਪੰਜਾਬ ਦੇ ਇੱਕ ਮੰਤਰੀ ਵੱਲੋਂ ਅੱਧੀ ਰਾਤ ਸਮੇਂ ਇੱਕ ਮਹਿਲਾ ਆਈ ਏ ਐੱਸ ਅਫ਼ਸਰ ਨੂੰ ‘ਵਟਸ ਐਪ’ ਰਾਹੀਂ ਭੇਜੇ ਸ਼ੇਅਰ ਮਹਿੰਗੇ ਪੈਣ ਲੱਗੇ ਹਨ। ਇਹ ਘਟਨਾ ਵਾਪਰੇ ਨੂੰ ਕਾਫ਼ੀ ਸਮਾਂ ਹੋ ਚੁੱਕਾ ਹੈ, ਪਰ ਦੁਨੀਆ ਪੱਧਰ ਉੱਤੇ ਚੱਲ ਰਹੀ ‘ਮੀ ਟੂ’ ਮੁਹਿੰਮ ਤਹਿਤ ਔਰਤਾਂ ਵੱਲੋਂ ਆਪਣੇ ਨਾਲ ਵਾਪਰੀਆਂ ਜਿਨਸੀ ਸ਼ੋਸ਼ਣ ਦੀਆਂ ਘਟਨਾਵਾਂ ਤੋਂ ਪਰਦਾ ਚੁੱਕੇ ਜਾਣ ਨਾਲ ਇਸ ਮੰਤਰੀ ਦੀ ਕੁਰਸੀ ਵੀ ਖ਼ਤਰੇ ਵਿੱਚ ਜਾਪਦੀ ਹੈ। ਇਸ ਘਟਨਾ ਨਾਲ ਕਾਂਗਰਸ ਦੀ ਅੰਦਰੂਨੀ ਖਾਨਾਜੰਗੀ ਵੀ ਸਾਹਮਣੇ ਆ ਗਈ ਹੈ।

ਮਿਲ ਰਹੀ ਜਾਣਕਾਰੀ ਮੁਤਾਬਕ ਮੰਤਰੀ ਨੇ ਮਹਿਲਾ ਅਫਸਰ ਨੂੰ ਅੱਧੀ ਰਾਤ ਸਮੇਂ ਸ਼ੇਅਰ ਭੇਜੇ ਸਨ ਤੇ ਅੱਗੋਂ ਉਸ ਮਹਿਲਾ ਅਫਸਰ ਨੇ ਤੁਰੰਤ ਮੋੜਵਾਂ ਜਵਾਬ ਦਿੰਦਿਆਂ ਕਿਹਾ ਸੀ, ‘ਮੈਨੂੰ ਇਸ ਤਰ੍ਹਾਂ ਦੇ ਸੰਦੇਸ਼ ਨਾ ਭੇਜੋ, ਕਿਉਂਕਿ ਮੈਂ ਇਸ ਨਾਲ ਅਸਹਿਜ ਮਹਿਸੂਸ ਕਰਦੀ ਹਾਂ।’ ਇਸ ਨਾਲ ਮੰਤਰੀ ਚੁੱਪ ਹੋ ਗਿਆ ਤੇ ਹੋਰ ਸੰਦੇਸ਼ ਨਹੀਂ ਭੇਜਿਆ। ਫਿਰ ਮਹਿਲਾ ਅਫਸਰ ਨੇ ਆਪਣੇ ਸਾਥੀ ਅਫਸਰਾਂ ਨਾਲ ਗੱਲ ਸਾਂਝੀ ਕਰ ਕੇ ਕਿਹਾ ਕਿ ਜਦੋਂ ਕੋਈ ਵਿਅਕਤੀ, ਜਿਸ ਨੂੰ ਤੁਸੀਂ ਜਾਣਦੇ ਵੀ ਨਹੀਂ ਤੇ ਨਾ ਕੋਈ ਦੋਸਤੀ ਤੇ ਰਿਸ਼ਤਾ ਹੈ, ਏਦਾਂ ਦਾ ਸੰਦੇਸ਼ ਕਿਸੇ ਔਰਤ ਨੂੰ ਭੇਜੇ ਤਾਂ ਸੁਭਾਵਿਕ ਤੌਰ ’ਤੇ ਬੁਰਾ ਲਗਦਾ ਹੈ, ਜੋ ਮੈਨੂੰ ਵੀ ਲੱਗਾ। ਇਸ ਮਹਿਲਾ ਅਧਿਕਾਰੀ ਨੇ ਸਾਰਾ ਕੇਸ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਧਿਆਨ ਵਿੱਚ ਵੀ ਲਿਆਂਦਾ। ਪਤਾ ਲੱਗਾ ਹੈ ਕਿ ਮੁੱਖ ਮੰਤਰੀ ਨੇ ਇਸ ਬਾਰੇ ਕੁਝ ਵੀ ਨਹੀਂ ਕੀਤਾ, ਪਰ ਸੀਨੀਅਰ ਅਫਸਰਾਂ ਨੇ ਕਿਹਾ ਕਿ ਕਿਸੇ ਮਹਿਲਾ ਅਫਸਰ ਨੂੰ ਅੱਧੀ ਰਾਤ ਸੰਦੇਸ਼ ਭੇਜਣਾ ਜਾਂ ਫੋਨ ਕਰਨਾ ਚੰਗੀ ਗੱਲ ਨਹੀਂ।

ਮੰਤਰੀ ਤੇ ਮਹਿਲਾ ਆਈ ਏ ਐਸ ਅਫ਼ਸਰ ਵਿਚਾਲੇ ਦਾ ਇਹ ਕੇਸ ਪ੍ਰਸ਼ਾਸਕੀ ਖੇਤਰਾਂ ਵਿੱਚ ਚਰਚਾ ਦਾ ਵਿਸ਼ਾ ਹੈ। ਇੱਕ ਸੀਨੀਅਰ ਆਈ ਏ ਐਸ ਅਫਸਰ ਨੇ ਕਿਹਾ ਕਿ ਇਸ ਮੰਤਰੀ ਦੇ ਵਿਧਾਨ ਸਭਾ ਹਲਕੇ ਦੀ ਇੱਕ ਮਹਿਲਾ ਮੁਲਾਜ਼ਮ ਨੇ ਵੀ ਕੁਝ ਸਾਲ ਪਹਿਲਾਂ ਮੰਤਰੀ ਨੂੰ ਹਲਕੇ ਤੋਂ ਬਾਹਰ ਭੇਜਣ ਦੀ ਮੰਗ ਕੀਤੀ ਸੀ, ਕਿਉਂਕਿ ਉਸ ਮਹਿਲਾ ਅਨੁਸਾਰ ਉਹ ਮੰਤਰੀ ਦੀਆਂ ਹਰਕਤਾਂ ਤੋਂ ਪ੍ਰੇਸ਼ਾਨ ਸੀ। ਇਸ ਤੋਂ ਪ੍ਰਭਾਵ ਜਾਂਦਾ ਹੈ ਕਿ ਮੰਤਰੀ ਰੰਗੀਨ ਮਿਜ਼ਾਜ ਹੈ। ਕਾਂਗਰਸ ਦੇ ਸੂਤਰਾਂ ਮੁਤਾਬਕ ਕਾਂਗਰਸ ਦਾ ਇੱਕ ਧੜਾ ਇਸ ਕੇਸ ਉੱਤੇ ਮੰਤਰੀ ਨੂੰ ਘੇਰ ਰਿਹਾ ਹੈ। ਮੀਡੀਆ ਵਿੱਚ ਇਸ ਮਾਮਲੇ ਦਾ ਖੁਲਾਸਾ ਓਦੋਂ ਹੋਇਆ ਹੈ, ਜਦੋਂ ਮੁੱਖ ਮੰਤਰੀ ਵਿਦੇਸ਼ ਦੌਰੇ ਉੱਤੇ ਹਨ।

ਦੂਸਰੇ ਪਾਸੇ ਪੰਜਾਬ ਸਰਕਾਰ ਵਿੱਚ ਸਮਝਿਆ ਜਾਂਦਾ ਹੈ ਕਿ ਵਿਵਾਦ ਵਿੱਚ ਫਸਿਆ ਮੰਤਰੀ ਅਕਸਰ ਮੁੱਖ ਮੰਤਰੀ ਦੀਆਂ ਅੱਖਾਂ ਵਿੱਚ ਰੜਕਦਾ ਹੈ ਤੇ ਇੱਕ ਵਾਰੀ ਬਹੁ-ਗਿਣਤੀ ਮੰਤਰੀਆਂ ਨੇ ਕੈਬਨਿਟ ਮੀਟਿੰਗ ਵਿੱਚ ਵੀ ਇਸ ਮੰਤਰੀ ਦੇ ਵਿਹਾਰ ਦੀ ਆਲੋਚਨਾ ਕੀਤੀ ਸੀ, ਪਰ ਮੰਤਰੀ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਦੇ ਨੇੜੇ ਮੰਨਿਆ ਜਾਂਦਾ ਤੇ ਰਾਹੁਲ ਗਾਂਧੀ ਨੇ ਜ਼ੋਰ ਦੇ ਕੇ ਮੰਤਰੀ ਬਣਵਾਇਆ ਸੀ। ਕਿਹਾ ਜਾਂਦਾ ਕਿ ਇਹ ਮਹਿਲਾ ਅਧਿਕਾਰੀ ਜਦੋਂ ਇਸ ਮੰਤਰੀ ਦੇ ਇਲਾਕੇ ਵਿੱਚ ਤਾਇਨਾਤ ਸੀ, ਉਦੋਂ ਵੀ ਇਸ ਮੰਤਰੀ (ਉਦੋਂ ਹਾਲੇ ਇਹ ਵਿਧਾਇਕ ਸੀ) ਦੀਆਂ ਹਰਕਤਾਂ ਇਸ ਮਹਿਲਾ ਨੂੰ ਖਿਝਾਉਣ ਵਾਲੀਆਂ ਸਨ। ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਨੇ ਮੰਤਰੀ ਦੇ ਖਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਜ਼ਰਾਈਲ ਦੀ ਰਾਜਧਾਨੀ ਤਲ ਅਵੀਵ ਤੋਂ ਅੱਜ ਇਸ ਬਾਰੇ ਜਾਰੀ ਕੀਤੇ ਬਿਆਨ ਵਿੱਚ ਕਿਹਾ ਕਿ ਮੰਤਰੀ ਵੱਲੋਂ ਮਹਿਲਾ ਸਰਕਾਰੀ ਅਫ਼ਸਰ ਨੂੰ ਇਤਰਾਜ਼ ਯੋਗ ਸੰਦੇਸ਼ ਭੇਜਣ ਦੇ ਮਾਮਲੇ ਨੂੰ ਪਹਿਲਾਂ ਹੀ ਸੰਜੀਦਗੀ ਨਾਲ ਲਿਆ ਜਾ ਚੁੱਕਾ ਹੈ ਤੇ ਉਨ੍ਹਾਂ ਦੀ ਜਾਣਕਾਰੀ ਮੁਤਾਬਕ ਅਫ਼ਸਰ ਦੀ ਤਸੱਲੀ ਅਨੁਸਾਰ ਕੇਸ ਹੱਲ ਕੀਤਾ ਜਾ ਚੁੱਕਾ ਹੈ। ਮੁੱਖ ਮੰਤਰੀ ਨੇ ਮੀਡੀਆ ਰਿਪੋਰਟਾਂ ਬਾਰੇ ਕਿਹਾ, ‘ਇਹ ਕੇਸ ਕੁਝ ਹਫਤੇ ਪਹਿਲਾਂ ਮੇਰੇ ਧਿਆਨ ਵਿੱਚ ਲਿਆਂਦਾ ਗਿਆ ਤਾਂ ਮੈਂ ਮੰਤਰੀ ਨੂੰ ਮੁਆਫੀ ਮੰਗਣ ਤੇ ਮਹਿਲਾ ਅਫ਼ਸਰ ਨਾਲ ਮਾਮਲਾ ਨਿਪਟਾਉਣ ਨੂੰ ਕਿਹਾ ਸੀ। ਮੈਂ ਸਮਝਦਾ ਹਾਂ ਕਿ ਅਫਸਰ ਦੀ ਤਸੱਲੀ ਮੁਤਾਬਕ ਮੰਤਰੀ ਨੇ ਏਦਾਂ ਕੀਤਾ ਅਤੇ ਮਾਮਲਾ ਸੁਲਝ ਗਿਆ ਸੀ।’

# ਸੀ ਬੀ ਆਈ ਵਿੱਚ ਬੁੱਧਵਾਰ ਦੇ ਦਿਨ ਅਣਕਿਆਸੀ ਚੱਕ-ਥੱਲ

*** ਕੇਂਦਰ ਦੇ ਦਖਲ ਨਾਲ ਵਰਮਾ ਅਤੇ ਅਸਥਾਨਾ ਲਾਂਭੇ ਕੀਤੇ ਗਏ * ਅਲੋਕ ਵਰਮਾ ਵੱਲੋਂ ਹੁਕਮਾਂ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ**

ਨਵੀਂ ਦਿੱਲੀ, 24 ਅਕਤੂਬਰ, (ਪੋਸਟ ਬਿਊਰੋ)- ਬਹੁਤ ਸਾਰੇ ਵਿਵਾਦਾਂ ਵਿਚ ਉਲਝੇ ਹੋਏ ਕੇਂਦਰੀ ਜਾਂਚ ਏਜੰਸੀ ਸੀ ਬੀ ਆਈ ਦੇ ਚੀਫ ਆਲੋਕ ਵਰਮਾ ਤੇ ਸਪੈਸ਼ਲ ਡਾਇਰੈਕਟਰ ਰਾਕੇਸ਼ ਅਸਥਾਨਾ ਤੋਂ ਕੇਂਦਰ ਸਰਕਾਰ ਨੇ ਸਾਰੇ ਅਧਿਕਾਰ ਖੋਹ ਕੇ ਉਨ੍ਹਾਂ ਨੂੰ ਛੁੱਟੀ ਭੇਜ ਦਿੱਤਾ ਹੈ। ਸੂਤਰਾਂ ਮੁਤਾਬਕ ਇਹ ਭਾਰਤ ਦੀ ਇਸ ਜਾਂਚ ਏਜੰਸੀ ਦੇ ਇਤਿਹਾਸ ਵਿਚ ਆਪਣੀ ਤਰ੍ਹਾਂ ਦਾ ਪਹਿਲਾ ਮਾਮਲਾ ਹੈ। ਇਹ ਘਟਨਾਕ੍ਰਮ ਅਜੇ ਵੀ ਜਾਰੀ ਹੈ ਤੇ ਸਰਕਾਰ ਵਲੋਂ ਵਿਸਥਾਰ ਪੂਰਵਕ ਬਿਆਨ ਜਾਰੀ ਕੀਤੇ ਜਾਣ ਤੋਂ ਬਾਅਦ ਇਸ ਮਾਮਲੇ ਵਿਚ ਸਥਿਤੀ ਸਪੱਸ਼ਟ ਹੋਵੇਗੀ।



ਨਾਗੇਸ਼ਵਰ ਰਾਓ



ਰਾਕੇਸ਼ ਅਸਥਾਨਾ ਤੇ ਆਲੋਕ ਵਰਮਾ

ਵਰਨਣ ਯੋਗ ਹੈ ਕਿ ਇਕ ਸਰਕਾਰੀ ਹੁਕਮ ਵਿਚ ਕਿਹਾ ਗਿਆ ਹੈ ਕਿ ਨਿਯੁਕਤੀਆਂ ਕਰਨ ਵਾਸਤੇ ਬਣਾਈ ਗਈ ਪ੍ਰਧਾਨ ਮੰਤਰੀ ਦੀ ਅਗਵਾਈ ਵਾਲੀ ਕਮੇਟੀ ਨੇ ਮੰਗਲਵਾਰ ਦੇਰ ਰਾਤ ਜਾਇੰਟ ਡਾਇਰੈਕਟਰ ਐੱਮ ਨਾਗੇਸ਼ਵਰ ਰਾਓ ਨੂੰ ਤੁਰੰਤ ਪ੍ਰਭਾਵ ਨਾਲ ਸੀ ਬੀ ਆਈ ਦੇ ਕਾਰਜਕਾਰੀ ਮੁਖੀ ਦਾ ਚਾਰਜ ਦੇ ਦਿੱਤਾ ਹੈ। ਜਿਹੜੇ 3 ਐਡੀਸ਼ਨਲ ਡਾਇਰੈਕਟਰਾਂ ਨੂੰ ਇਸ ਦੌਰਾਨ ਪਾਸੇ ਧੱਕ ਦਿੱਤਾ ਗਿਆ, ਉਨ੍ਹਾਂ ਵਿਚ ਏ ਕੇ ਸ਼ਰਮਾ ਸ਼ਾਮਲ ਹਨ। ਪਹਿਲਾਂ ਜਾਇੰਟ ਡਾਇਰੈਕਟਰ ਰਾਕੇਸ਼ ਅਸਥਾਨਾ ਵਲੋਂ ਕੀਤੀ ਗਈ ਸ਼ਿਕਾਇਤ ਵਿਚ ਏ ਕੇ ਸ਼ਰਮਾ ਦਾ ਨਾਂ ਵੀ ਸਾਹਮਣੇ ਆਇਆ ਸੀ।

ਇਸ ਦੌਰਾਨ ਬੁੱਧਵਾਰ ਤੜਕੇ ਸੀ ਬੀ ਆਈ ਹੈੱਡਕੁਆਰਟਰ ਸੀਲ ਕਰ ਦਿੱਤਾ ਗਿਆ, ਜਿਸ ਦੇ ਬਾਅਦ ਨਾ ਓਥੇ ਕੋਈ ਸੀ ਬੀ ਆਈ ਕਰਮਚਾਰੀ ਰਹਿਣ ਦਿੱਤੇ ਗਏ ਤੇ ਨਾ ਬਾਹਰੀ ਲੋਕਾਂ ਨੂੰ ਜਾਣ ਦੀ ਇਜਾਜ਼ਤ ਮਿਲ ਰਹੀ ਸੀ, ਕਿਉਂਕਿ ਅਧਿਕਾਰੀਆਂ ਦੀ ਇਕ ਟੀਮ ਮੁੱਖ ਦਫਤਰ ਵਿੱਚ ਪੁਣਛਾਣ ਕਰ ਰਹੀ ਸੀ। ਅਸਲ ਵਿੱਚ ਏਜੰਸੀ ਨੇ ਆਪਣੇ ਹੀ ਸਪੈਸ਼ਲ ਡਾਇਰੈਕਟਰ ਰਾਕੇਸ਼ ਅਸਥਾਨਾ ਉੱਤੇ ਕੇਸ ਦਰਜ ਕੀਤਾ ਅਤੇ ਉਨ੍ਹਾਂ ’ਤੇ ਰਿਸ਼ਵਤ ਲੈਣ ਦਾ ਦੋਸ਼ ਲਾਇਆ ਸੀ, ਜਿਸ ਤੋਂ ਬਾਅਦ ਏਜੰਸੀ ਦੇ ਅੰਦਰਲੇ ਹਾਲਾਤ ਏਨੇ ਵਿਗੜ ਗਏ ਕਿ ਸਾਰਾ ਹੈੱਡ ਕੁਆਰਟਰ ਸੀਲ ਕਰਨ ਦੀ ਕਾਰਵਾਈ ਕਰਨ ਦੇ ਲਈ ਦਿੱਲੀ ਪੁਲਸ ਦੀ ਫੋਰਸ ਅੱਧੀ ਰਾਤ ਨੂੰ ਉਚੇਚੀ ਬੁਲਾਉਣੀ ਪਈ ਸੀ।

ਵਰਨਣ ਯੋਗ ਹੈ ਕਿ ਅਲੋਕ ਵਰਮਾ ਅਤੇ ਰਾਕੇਸ਼ ਅਸਥਾਨਾ ਵਿਚਾਲੇ ਕੁਝ ਦਿਨਾਂ ਤੋਂ ਇਕ ਦੂਜੇ ਉਤੇ ਦੋਸ਼ ਲਾਉਣ ਦਾ ਦੌਰ ਚੱਲ ਰਿਹਾ ਸੀ। ਰਾਕੇਸ਼ ਅਸਥਾਨਾ ਤੇ ਜਾਂਚ ਏਜੰਸੀ ਦੇ ਕੁਝ ਹੋਰ ਅਧਿਕਾਰੀਆਂ ਵਿਰੁੱਧ ਰਿਸ਼ਵਤ ਦੇ ਦੋਸ਼ਾਂ ਵਿਚ ਇਸ ਏਜੰਸੀ ਨੇ ਖੁਦ ਸ਼ਿਕਾਇਤ ਦਰਜ ਕੀਤੀ ਸੀ। ਇਸ ਕੇਸ ਦੇ ਚੱਕਰ ਵਿਚ ਸੋਮਵਾਰ ਡੀ ਐੱਸ ਪੀ ਰੈਂਕ ਦੇ ਦੇਵੇਂਦਰ ਕੁਮਾਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਰਾਕੇਸ਼ ਅਸਥਾਨਾ ਉਤੇ ਮੀਟ ਦੇ ਇੱਕ ਕਾਰੋਬਾਰੀ ਮੋਇਨ ਕੁਰੈਸ਼ੀ ਦੇ ਕੇਸ ਵਿਚ ਰਿਸ਼ਵਤ ਲੈਣ ਦਾ ਦੋਸ਼ ਲਾਇਆ ਗਿਆ ਹੈ। ਡੀ ਐੱਸ ਪੀ ਦੇਵੇਂਦਰ ਕੁਮਾਰ ਉੱਤੇ ਦੋਸ਼ ਹੈ ਕਿ ਉਸ ਨੇ ਕੁਰੈਸ਼ੀ ਕੇਸ ਦੇ ਗਵਾਹ ਸਤੀਸ਼ ਸਾਨਾ ਦੇ ਬਿਆਨ ਵਿਚ ਪੈਸੇ ਲੈ ਕੇ ਹੇਰ-ਫੇਰ ਕੀਤਾ ਸੀ।

ਦੇਸ਼ ਦੀ ਸਭ ਤੋਂ ਵੱਡੀ ਜਾਂਚ ਏਜੰਸੀ ਸੀ ਬੀ ਆਈ ਵਿੱਚ ਚੱਲ ਰਹੇ ਵਿਵਾਦ ਉੱਤੇ ਕੇਂਦਰ ਸਰਕਾਰ ਵੱਲੋਂ ਖਜ਼ਾਨਾ ਮੰਤਰੀ ਅਰੁਣ ਜੇਤਲੀ ਅਤੇ ਕਾਨੂੰਨੀ ਮੰਤਰੀ ਰਵੀਸ਼ੰਕਰ ਪ੍ਰਸਾਦ ਨੇ ਬੁੱਧਵਾਰ ਨੂੰ ਪ੍ਰੈੱਸ ਕਾਨਫਰੰਸ ਕੀਤੀ। ਅਰੁਣ ਜੇਤਲੀ ਨੇ ਕਿਹਾ ਕਿ ਸੀ ਬੀ ਆਈ ਦੇਸ਼ ਦੀ ਸਭ ਤੋਂ ਵੱਡੀ ਜਾਂਚ ਏਜੰਸੀ ਹੈ ਅਤੇ ਇਸ ਦੀ ਸਾਖ ਬਣਾਈ ਰੱਖਣੀ ਹੀਂ ਬਿਹਤਰ ਹੋਵੇਗੀ। ਉਨ੍ਹਾਂ ਕਿਹਾ ਕਿ ਸੀ ਬੀ ਆਈ ਵਿੱਚ ਤਣਾਅ ਦੀ ਸਥਿਤੀ ਵਿੱਚ ਦੋ ਸੀਨੀਅਰ ਡਾਇਰੈਕਟਰਾਂ ਉਤੇ ਸਵਾਲ ਉਠੇ ਹਨ, ਪਰ ਸੀ ਬੀ ਆਈ ਖੁਦ ਇਸ ਦੀ ਜਾਂਚ ਨਹੀਂ ਕਰ ਸਕਦੀ ਤੇ ਨਾ ਸਰਕਾਰ ਇਹ ਜਾਂਚ ਕਰੇਗੀ। ਕੇਂਦਰੀ ਵਿਜੀਲੈਂਸ ਕਮਿਸ਼ਨ ਦੀ ਨਿਗਰਾਨੀ ਵਿਚ ਐੱਸ ਆਈ ਟੀ ਤੋਂ ਪੂਰੇ ਕੇਸ ਦੀ ਜਾਂਚ ਕਰਵਾਈ ਜਾਵੇਗੀ। ਜੇਤਲੀ ਨੇ ਕਿਹਾ ਕਿ ਅਸੀਂ ਸੀ ਬੀ ਆਈ ਦੇ ਅਧਿਕਾਰੀਆਂ ਵਿੱਚੋਂ ਕਿਸੇ ਨੂੰ ਦੋਸ਼ੀ ਨਹੀਂ ਮੰਨਦੇ। ਕਾਨੂੰਨ ਮੁਤਾਬਕ ਜਾਂਚ ਪੂਰੀ ਹੋਣ ਤੱਕ ਅਧਿਕਾਰੀਆਂ ਨੂੰ ਛੁੱਟੀ ਭੇਜ ਦਿੱਤਾ ਗਿਆ ਹੈ। ਜੇ ਉਹ ਬੇਕਸੂਰ ਸਾਬਤ ਹੋਏ ਤਾਂ ਉਨ੍ਹਾਂ ਦੀ ਵਾਪਸੀ ਹੋ ਜਾਵੇਗੀ।

ਦੂਸਰੇ ਪਾਸੇ ਸੀ ਬੀ ਆਈ ਡਾਇਰੈਕਟਰ ਆਲੋਕ ਕੁਮਾਰ ਵਰਮਾ ਨੇ ਆਪਣੇ ਖਿਲਾਫ ਕੀਤੀ ਗਈ ਕਾਰਵਾਈ ਨੂੰ ਅੱਜ ਸੁਪਰੀਮ ਕੋਰਟ ਵਿੱਚ ਚੁਣੌਤੀ ਦੇ ਦਿੱਤੀ ਹੈ। ਸੁਪਰੀਮ ਕੋਰਟ ਇਸ ਉੱਤੇ 26 ਅਕਤੂਬਰ ਨੂੰ ਸੁਣਵਾਈ ਕਰਨੀ ਮੰਨ ਲਈ ਹੈ। ਵਰਮਾ ਨੇ ਖੁਦ ਨੂੰ ਛੁੱਟੀ ਉੱਤੇ ਭੇਜੇ ਜਾਣ ਅਤੇ ਸਾਰੇ ਅਧਿਕਾਰ ਵਾਪਸ ਲੈਣ ਦੇ ਕੇਂਦਰ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਹੈ। ਜਸਟਿਸ ਰੰਜਨ ਗੋਗੋਈ, ਜਸਟਿਸ ਐੱਸ ਕੇ ਕੌਲ ਅਤੇ ਜਸਟਿਸ ਕੇ ਐੱਮ ਜੋਸੇਫ ਦੀ ਬੈਂਚ ਇਸ ਮੌਕੇ ਆਲੋਕ ਵਰਮਾ ਦੀਆਂ ਦਲੀਲਾਂ ਨਾਲ ਸਹਿਮਤ ਹੋ ਗਈ ਅਤੇ ਕਿਹਾ ਕਿ ਇਸ ਪਟੀਸ਼ਨ ਉੱਤੇ 26 ਅਕਤੂਬਰ ਨੂੰ ਸੁਣਵਾਈ ਕੀਤੀ ਜਾਵੇਗੀ। ਸੀ ਬੀ ਆਈ ਦੇ ਮੁਖੀ ਅਹੁਦੇ ਤੋਂ ਲਾਹੇ ਗਏ ਮੁਖੀ ਆਲੋਕ ਕੁਮਾਰ ਵਰਮਾ ਨੇ ਜਾਇੰਟ ਡਾਇਰੈਕਟਰ ਐੱਮ ਨਾਗੇਸ਼ਵਰ ਰਾਓ ਨੂੰ ਜਾਂਚ ਏਜੰਸੀ ਦਾ ਡਾਇਰੈਕਟਰ ਬਣਾਏ ਜਾਣ ਦੇ ਫੈਸਲੇ ਨੂੰ ਵੀ ਚੁਣੌਤੀ ਦਿੱਤੀ ਹੈ।



ਇਸ ਹਫ਼ਤੇ ਦੇ ਅੰਤ ਵਿਚ (27 ਅਕਤੂਬਰ) ਰੋਜ਼ ਆਰਕੈਸਟਰਾ ਨਵਾਂ ਸੀਜ਼ਨ, ਏ ਨਿਊ ਆਰਟਿਸਟਿਕ ਐਡਵੈਂਚਰ ਸ਼ੁਰੂ ਕਰਨ ਜਾ ਰਿਹਾ ਹੈ। ਇਸ ਦੇ ਨਾਲ ਹੀ ਇਸ ਦੌਰਾਨ ਮਿਊਜ਼ਿਕ ਡਾਇਰੈਕਟਰ ਓਲੀਵਰ ਬਾਲੀਬਰਸਕੀ ਵੀ ਪਹੁੰਚ ਰਹੇ ਹਨ। ਇਹ ਪ੍ਰੋਗਰਾਮ ਦਾ ਰੋਜ਼ਬਡ, ਬਰੈਪਟਨਜ਼ ਯੂਥ ਆਰਕੈਸਟਰਾ ਵੱਲੋਂ ਕਰਵਾਇਆ ਜਾ ਰਿਹਾ ਹੈ। ਜਿਸ ਵਿਚ ਕਈ ਹੁਨਰਮੰਦ ਮਿਊਜ਼ਿਕ ਡਾਇਰੈਕਟਰ ਸ਼ਾਮਲ ਹਨ।

# ਨੌਕਰੀਆਂ ਵੰਡਣ ਦੇ ਦਾਅਵੇ ਕਰਨ ਵਾਲੇ ਪਿਓ ਪੁੱਤਰ ਫਸ ਗਏ

ਕਪੂਰਥਲਾ, 24 ਅਕਤੂਬਰ (ਪੋਸਟ ਬਿਊਰੋ)- ਆਪਣੇ ਆਪ ਨੂੰ ਰੇਲਵੇ ਪੁਲਸ ਦਾ ਐਸ ਪੀ ਦੱਸ ਕੇ ਪੰਜਾਬ ਦੇ ਵੱਖ-ਵੱਖ ਜ਼ਿਲਿਆਂ ਵਿੱਚ ਲੋਕਾਂ ਨੂੰ ਰੇਲਵੇ ਪੁਲਸ ਵਿੱਚ ਨੌਕਰੀ ਦਿਵਾਉਣ ਦਾ ਝਾਂਸਾ ਦੇ ਕੇ ਠੱਗੀ ਮਾਰਨ ਵਾਲੇ ਜਾਅਲੀ ਐਸ ਪੀ ਅਤੇ ਉਸ ਦੇ ਪਿਤਾ ਨੂੰ ਸੀ ਆਈ ਏ ਸਟਾਫ ਦੀ ਪੁਲਸ ਨੇ ਗ੍ਰਿਫਤਾਰ ਕੀਤਾ ਹੈ।

ਏਥੇ ਪ੍ਰੈਸ ਕਾਨਫਰੰਸ ਦੌਰਾਨ ਐਸ ਪੀ ਡੀ ਸਤਨਾਮ ਸਿੰਘ ਬੈਂਸ ਨੇ ਦੱਸਿਆ ਕਿ ਏ ਐਸ ਆਈ ਨਵੀਨ ਕੁਮਾਰ ਨੇ ਪੀਰ ਬਾਬਾ ਝੋਨੇ ਸ਼ਾਹ ਨੇੜੇ ਪੁਲਸ ਪਾਰਟੀ ਨਾਲ ਨਾਕਾਬੰਦੀ ਕੀਤੀ ਹੋਈ ਸੀ ਤਾਂ ਮੁਖਬਰ ਨੇ ਦੱਸਿਆ ਕਿ ਸੁਰਜੀਤ ਸਿੰਘ ਪਿੰਡ ਸੋਢੇਵਾਲਾ ਥਾਣਾ ਸਦਰ ਫਿਰੋਜ਼ਪੁਰ (ਅੱਜ ਕੱਲ੍ਹ ਕਿਰਾਏਦਾਰ ਨਿਊ ਮੁਹੱਬਤ ਨਗਰ) ਅਤੇ ਉਸ ਦੇ ਪਿਤਾ ਮਹਿਲ ਸਿੰਘ ਲੋਕਾਂ ਨੂੰ ਰੇਲਵੇ ਵਿੱਚ ਨੌਕਰੀ ਦਾ ਝਾਂਸਾ ਦੇ ਕੇ ਠੱਗੀਆਂ ਮਾਰਦੇ ਹਨ ਤੇ ਸੁਰਜੀਤ ਸਿੰਘ ਆਪਣੇ ਆਪ ਨੂੰ ਰੇਲਵੇ ਪੁਲਸ ਦਾ ਐਸ ਪੀ ਦੱਸਦਾ ਹੈ। ਜਾਅਲੀ ਐਸ ਪੀ ਸੁਰਜੀਤ ਸਿੰਘ ਤੇ ਉਸ ਦਾ ਪਿਤਾ ਮਹਿਲ ਸਿੰਘ ਸਕਾਰਪੀਓ ਗੱਡੀ 'ਚ ਨਿਊ ਮੁਹੱਬਤ ਨਗਰ ਤੋਂ ਰੇਲ ਕੋਚ ਫੈਕਟਰੀ ਕਪੂਰਥਲਾ ਵਾਲੇ ਪਾਸੇ ਜਾ ਰਹੇ ਹਨ। ਸੂਚਨਾ ਪਿੱਛੋਂ ਏ ਐਸ ਆਈ ਨਵੀਨ ਕੁਮਾਰ ਦੀ ਟੀਮ ਨੇ ਨਾਕਾਬੰਦੀ ਦੌਰਾਨ ਉਕਤ ਵਿਅਕਤੀਆਂ ਨੂੰ ਸਕਾਰਪੀਓ ਗੱਡੀ ਸਮੇਤ ਕਾਬੂ ਕਰ ਲਿਆ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

“Quality is our strength.”
SKYDOME GROUP OF COMPANIES
WE DEAL WITH ALL INSURANCE COMPANIES
MINISTRY APPROVED SALVAGE INSPECTION STATION
Body Centre
Inderjit Singh
Daljit Singh
308 Rutherford Road Brampton
905-874-9878
Skydome Emission & Allignment Centre Inc.
210 Rutherford Rd., Brampton
905-450-9878
WE SELL QUALITY USED CARS
STAFFORD TRUCK CENTRE
30 Stafford Dr., Brampton. Tel: 905-460-1414
HEAD OFFICE: 905-874-9878
Tol Free: 1-877-799-9878. www.skydomeauto.ca

Paramjit Deol
Broker
CELL: 416-993-7378
7071 Airport Rd, Suit 201, Mississauga, ON
1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca
Your neighborhood broker, Call Paramjit Deol Today



BRAMPTON $89,000
Photo Not Available
Kennedy Rd N/Vodden St E: ਬਹੁਤ ਹੀ ਵਧੀਆ ਚਲ ਰਿਹਾ ਬਿਜਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਬਹੁਤ ਹੀ ਘੱਟ ਰੈਂਟ ਸਿਰਫ $3,500 ਅਤੇ ਸੇਲ $35,000 ਪ੍ਰਤੀ ਮਹੀਨਾ, 5 ਹੇਅਰ ਕਟਿੰਗ ਸਟੇਸ਼ਨ, 2 ਵਾਸ਼ ਸਟੇਸ਼ਨ, ਲੇਜ਼ਰ, ਵੈਕਸਿੰਗ,ਵੇਡਿੰਗ ਮੇਕਅਪ ਤੇ ਹੋਰ ਵੀ ਬਹੁਤ ਕੁਝ।

HAMILTON $25/Sq Ft.
135 James St N: ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ, ਜੈਕਸਨ ਸੁਕੇਅਰ ਦੇ ਨੇੜੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ। ਬਹੁਤ ਹੀ ਵਡਾ ਮੇਨ ਫਲੋਰ । 7,900 ਸੁਕੇਅਰ ਫੁੱਟ ਕੋਮਰਸੀਅਲ ਸਪੇਸ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

BRAMPTON $2,500
85 Calderstone Rd : ਬਹੁਤ ਹੀ ਵਧੀਆ ਲੋਕੇਸ਼ਨ ਤੇ 4 ਬੈਡਰੂਮ ਅਤੇ 4 ਵਾਸ਼ਰੂਮ ਦਾ ਡਿਟੈਚ ਡਬਲ ਸਟੋਰੀ ਘਰ ਲੀਜ਼ ਲਈ । ਮਾਡਰਨ ਕਿਚਨ, ਪਿਛਲੇ ਸਾਲ ਹੀ ਰੈਨੋਵੇਟਿਡ ਕੀਤਾ ਹੋਇਆ, 3 ਕਾਰਾਂ ਦੀ ਪਾਰਕਿੰਗ, ਗੋ ਸਟੇਸ਼ਨ, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $54,900
255B Rutherford Rd S 06: ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਬਹੁਤ ਹੀ ਘੱਟ ਰੈਂਟ ਅਤੇ ਸੇਲ $25,000 ਪ੍ਰਤੀ ਮਹੀਨਾ। 4 ਅਲਾਇੰਨਮੈਂਟ ਸਪੋਟਸ, ਏਅਰ ਕੰਪਰੈਸਰ, ਟਾਇਰ ਚੇਨਜਰ, ਵੀਲ ਬੈਲੇਂਸਰ, ਹੋਰ ਵੀ ਬਹੁਤ ਕੁਝ।

BRAMPTON $249,000
Photo Not Available
10725 Mclaughlin Rd. N: ਬਹੁਤ ਹੀ ਵਧੀਆ ਚਲ ਰਹੀ ਪਿਜਾ ਸ਼ਾਪ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $12000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ $4160/ਮਹੀਨਾ। ਹਾਈ ਟਰੇਫਿਕ ਫਲੋਂ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ।

PICKERING $59,000
1211 Kingston Rd E 14: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚੱਲ ਰਿਹਾ ਰੈਸਟੋਰੈਂਟ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $20,000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ । ਹਾਈ ਟਰੇਫਿਕ ਫਲੋਂ, ਅੱਜ ਹੀ ਕਾਲ ਕਰੋ।

BRAMPTON $541,800
Hwy 10/Bovarid: ਬਹੁਤ ਹੀ ਵਧੀਆ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਡਬਲ ਸਟੋਰੀ ਕਾਂਡੋ ਟਾਊਨ ਹਾਊਸ, ਕੁਆਰਟਜ਼ ਕਾਊਂਟਰ ਟਾਪ ਤੇ ਬੈਕਸਪਲੈਸ਼, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟਾਪ, ਪਾਰਕ, ਸਕੂਲ ਆਦਿ।

AJAX $169,900
Photo Not Available
44 Hardwood Ave : ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ। ਬਹੁਤ ਹੀ ਵਧੀਆ ਚਲ ਰਿਹਾ ਰੈਸਟੋਰੈਂਟ ਵਿਕਾਊ ਹੈ। ਇਹ ਰੇਸਟੋਰੈਂਟ ਪਿਛਲੇ 10 ਸਾਲਾਂ ਤੋ ਚਲ ਰਿਹਾ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $25,000/ਮਹੀਨਾ।

KITCHENER $369,999
Ottawa/Starasburg: ਬਹੁਤ ਹੀ ਵਧੀਆ ਲੋਕੇਸ਼ਨ ਤੇ, 3+1 ਬੈਡਰੂਮ ਤੇ 4 ਵਾਸ਼ਰੂਮ ਦਾ ਟਾਊਨ ਹਾਊਸ, ਵਧੀਆ ਰੌਸ਼ਨੀ, ਸਾਰੀਆਂ ਸਹੂਲਤਾਂ ਦੇ ਨੇੜੇ।

TORONTO $508,775
Don Mills/Sheppard : ਟੋਰਾਂਟੋ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 3 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ ਅਪਾਰਟਮੈਂਟ । ਮਾਡਰਨ ਕਿਚਨ, ਸਟੇਨਲੈਸ ਸਟੀਲ ਅਪਲਾਂਇੰਸਸ, ਹਾਇਵੇ 401, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $629,000
60 Lacoste Blvd.: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, 6 ਆਫਿਸ, ਇਕ ਬੋਰਡਰੂਮ, ਰਿਸੈਪਸ਼ਨ ਅਤੇ ਆਫਿਸ ਐਡਮਿਨ ਲਈ ਥਾਂ ਸੇਲ ਤੇ। ਕੁਲ 1,524 ਸਕੇਅਰ ਫੁੱਟ ਥਾਂ ਵਿਕਾਊ ਹੈ।

TORONTO $825,000
Lawrence & Valia Rd.: ਬਹੁਤ ਹੀ ਸੋਹਣਾ 4 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਘਰ, ਹਾਈ ਡਿਮਾਂਡ ਏਰੀਆ, ਮਾਡਰਨ ਕਿਚਨ, ਬੈਕ-ਸਪਲੈਸ਼ ਫਿਨਿਸ਼ਡ ਬੇਸਮੈਂਟ, ਹਾਰਡਵੂਡ ਫਲੋਰ, ਆਦਿ ਸਹੂਲਤਾਂ ਦੇ ਨੇੜੇ ।

BRAMPTON $179,000
Photo Not Available
384 Yonge St.11 : ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋਂ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੂਡ ਫਲੋਰ, ਅਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ।

TORONTO $944,000
Keele / Finch/York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜ਼ਰੂਰ ਦੇਖੋ !!

BRAMPTON $849,000
Bramalea Rd/Markham St: ਬਹੁਤ ਹੀ ਸਾਫ ਸੁਥਰਾ 4+1 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਪੋਟ ਲਾਇਟਿੰਗ, ਹਾਰਡਵੂਡ ਫਲੋਰ, ਰੈਨੋਵੇਟਡ ਬੈਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।

CALEDON $1,009,999
Mayfield & McVeen : ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੂਲੀ ਅਪਗ੍ਰੇਡਡ, ਹਾਰਡਵੂਡ ਫਲੋਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।

# ਬਰੈਂਪਟਨ ਦੇ 6 ਖਿਡਾਰੀਆਂ ਦੀ ਸੋਨੀਆ ਸਿੱਧੂ ਵੱਲੋਂ ਹਾਊਸ ਆਫ਼ ਕਾਮਨਜ਼ 'ਚ ਸ਼ਲਾਘਾ

## ਕੈਨੇਡਾ ਦੀ ਨੈਸ਼ਨਲ ਸੌਕਰ ਟੀਮ ਨੇ ਕੀਤਾ ਹੈ ਸ਼ਾਨਦਾਰ ਪ੍ਰਦਰਸ਼ਨ



ਬਰੈਂਪਟਨ, -ਕੈਨੇਡਾ ਦੀ ਸੌਕਰ ਦੀ ਨੈਸ਼ਨਲ ਸੌਕਰ ਟੀਮ ਦੇ ਡੁਮੀਨਿਕਾ ਦੇ ਵਿਰੁੱਧ ਸ਼ਾਨਦਾਰ ਪ੍ਰਦਰਸ਼ਨ ਦੀ ਸ਼ਲਾਘਾ ਕਰਦਿਆਂ ਹੋਇਆਂ ਬਰੈਂਪਟਨ ਸਾਊਥ ਤੋਂ ਪਾਰਲੀਮੈਂਟ ਮੈਂਬਰ ਸੋਨੀਆ ਸਿੱਧੂ ਨੇ ਇਸ ਸਬੰਧੀ ਹਾਊਸ ਆਫ਼ ਕਾਮਨਜ਼ ਵਿਚ ਬਿਆਨ ਦਿੰਦਿਆਂ ਹੋਇਆਂ ਕਿਹਾ ਕਿ ਇਸ ਟੀਮ ਨੇ ਦੇਸ਼ ਦਾ ਨਾਂ ਉੱਚਾ ਕੀਤਾ ਹੈ। ਇਸ ਦੇ ਬਾਰੇ ਪਾਰਲੀਮੈਂਟ ਹਾਊਸ ਵਿਚ ਬੋਲਦਿਆਂ ਹੋਇਆਂ ਉਨ੍ਹਾਂ ਨੇ ਕਿਹਾ,"ਮੈਨੂੰ ਇਸ ਗੱਲ 'ਤੇ ਫ਼ਖ਼ਰ ਹੈ ਕਿ ਸੌਕਰ ਦੀ ਇਸ ਟੀਮ ਵਿਚ 6 ਖਿਡਾਰੀ ਬਰੈਂਪਟਨ ਤੋਂ ਹਨ। ਇਸ ਦਾ ਭਾਵ ਹੈ ਕਿ ਇਸ ਟੀਮ ਵਿਚ ਬਰੈਂਪਟਨ ਦੀ ਵਧੀਆ ਭਾਗੀਦਾਰੀ ਹੈ ਅਤੇ ਬਰੈਂਪਟਨ ਨੂੰ ਸਹਿਜੇ ਹੀ ਕੈਨੇਡਾ ਦੀ 'ਸੌਕਰ ਕੈਪੀਟਲ' ਗਰਦਾਨਿਆ ਜਾ ਸਕਦਾ ਹੈ।" ਉਨ੍ਹਾਂ ਕਿਹਾ ਕਿ ਮੇਰੇ ਲਈ ਇਹ ਹੋਰ ਵੀ ਖ਼ੁਸ਼ੀ ਵਾਲੀ ਗੱਲ ਹੈ ਕਿ ਇਨ੍ਹਾਂ 6 ਖਿਡਾਰੀਆਂ ਵਿੱਚੋ 3 ਬਰੈਂਪਟਨ ਯੂਥ ਸੌਕਰ ਕਲੱਬ ਦੇ ਮੈਂਬਰ ਹਨ ਜੋ ਬਰੈਂਪਟਨ ਸਾਊਥ ਨਾਲ ਸਬੰਧਿਤ ਹੈ।"

ਐੱਮ.ਪੀ. ਸੋਨੀਆ ਸਿੱਧੂ ਦਾ ਇਹ ਬਿਆਨ ਉਸ ਸਮੇਂ ਆਇਆ ਜਦੋਂ ਬੀ.ਐੱਮ.ਓ. ਖੇਡ-ਮੈਦਾਨ ਵਿਚ ਖੇਡਦਿਆਂ ਹੋਇਆਂ ਕੈਨੇਡਾ ਦੀ ਟੀਮ ਨੇ ਡੁਮੀਨਿਕਾ ਦੀ ਟੀਮ ਨੂੰ ਪੰਜ ਦੇ ਮੁਕਾਬਲੇ ਸਿਫ਼ਰ ਗੋਲਾਂ ਦੇ ਵੱਡੇ ਫ਼ਰਕ ਨਾਲ ਹਰਾ ਕੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਉਨ੍ਹਾਂ ਬਰੈਂਪਟਨ ਦੇ ਖਿਡਾਰੀਆਂ ਡੇਨੀਲ ਹੈਨਰੀ, ਡੇਵਿਡ ਹੋਇਲੈੱਟ, ਅਤੀਬਾ ਹੁਚਿਨਸਨ, ਕਾਈਲ ਲੈਟਿਨ, ਲਿਆਮ ਮਿੱਲਰ ਅਤੇ ਜੋਨਾਥਨ ਓਸੋਰੀਓ ਨੂੰ ਹਾਰਦਿਕ ਮੁਬਾਰਕਬਾਦ ਦਿੰਦਿਆਂ ਹੋਇਆਂ ਕਿਹਾ ਕਿ ਇਨ੍ਹਾਂ ਖਿਡਾਰੀਆਂ ਨੇ ਬਰੈਂਪਟਨ ਦਾ ਸਿਰ ਮਾਣ ਨਾਲ ਉੱਚਾ ਕੀਤਾ ਹੈ।

# ਸੀਨੀਅਰਜ਼ ਐਸੋਸੀਏਸ਼ਨ ਦੀ ਐੱਮ ਪੀ ਰਾਮੇਸ਼ਵਰ ਸੰਘਾ ਨਾਲ ਮੁਲਾਕਾਤ



(ਹਰਜੀਤ ਬੇਦੀ): ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬਜ਼ ਆਫ ਬਰੈਂਪਟਨ ਦੇ ਐਮ ਪੀਜ਼ ਨੂੰ ਮਿਲਣ ਦੀ ਲੜੀ ਵਜੋਂ ਪਿਛਲੇ ਦਿਨੀ ਪਰਧਾਨ ਪਰਮਜੀਤ ਬੜਿੰਗ ਦੀ ਅਗਵਾਈ ਵਿੱਚ ਪੰਜ ਮੈਂਬਰੀ ਵਫਦ ਨੇ ਐਮ ਪੀ ਰਾਮੇਸ਼ਵਰ ਸੰਘਾ ਨਾਲ ਫੈਡਰਲ ਸਰਕਾਰ ਨਾਲ ਸਬੰਧਤ ਮੰਗਾ ਬਾਰੇ ਗੱਲਬਾਤ ਕੀਤੀ। ਐਸੋਸੀਏਸ਼ਨ ਵਲੋਂ 10 ਸਾਲ ਤੋਂ ਘੱਟ ਸਟੇਅ ਵਾਲੇ 65 ਸਾਲ ਦੀ ਉਮਰ ਪੂਰੀ ਕਰ ਚੁੱਕੇ ਸੀਨੀਅਰਜ਼ ਲਈ ਘੱਟੋ ਘੱਟ 500 ਡਾਲਰ ਮਾਸਕ ਗੁਜ਼ਾਰਾ ਭੱਤਾ ਦੇਣ ਬਾਰੇ ਕਾਫੀ ਚਰਚਾ ਹੋਈ। ਸੰਘਾ ਸਾਹਿਬ ਦੇ ਇਹ ਕਹਿਣ ਤੇ ਕਨੇਡਾ ਦੀ ਇਸ ਬਾਰੇ ਸੰਧੀ ਨਹੀਂ ਹੈ ਤੇ ਐਸੋਸੀਏਸ਼ਨ ਨੇ ਆਪਣਾ ਪੱਖ ਰਖਦੇ ਹੋਏ ਇਹ ਸ਼ਪਸ਼ਟ ਕੀਤਾ ਕਿ ਇਹ ਪੈਨਸ਼ਨ ਦੀ ਮੰਗ ਨਹੀਂ ਜੀਵਨ ਨਿਰਬਾਹ ਲਈ ਨਿਗੂਣੀ ਰਾਸ਼ੀ ਦੀ ਮੰਗ ਹੈ ਤਾਂ ਗੱਲ ਨੂੰ ਸਮਝਦੇ ਹੋਏ ਇਸ ਨਾਲ ਪੂਰੀ ਸਹਿਮਤੀ ਪਰਗਟ ਕੀਤੀ। ਇਸੇ ਤਰ੍ਹਾਂ ਮੌਜੂਦਾ ਬਦੇਸ਼ੀ ਪਰਾਪਰਟੀ ਦੀ ਲਿਮਟ ਇੱਕ ਲੱਖ ਡਾਲਰ ਤੋਂ ਵਧਾ ਕੇ ਇੱਕ ਮਿਲੀਅਨ ਡਾਲਰ ਬਾਰੇ ਵੀ ਸਹਿਮਤੀ ਪਰਗਟਾਈ। ਨਾਨ-ਟੈਕਸੇਬਲ ਇਨਕਮ 24175 ਤੋਂ ਵਧਾ ਕੇ 35000 ਦੀ ਮੰਗ ਕੀਤੀ।ਪਿਛਲੇ ਸਮੇਂ 32000 ਡਾਲਰ ਦੀ ਹੱਦ ਸਿਰਫ ਡਰੱਗ ਪਲੇਨ ਲਈ ਹੀ ਸੀ ਨਾ ਕਿ ਕਨੇਡਾ ਰੈਵੇਨਿਊ ਨਾਲ ਸਬੰਧਤ ਸੀ। ਇਸੇ ਤਰ੍ਹਾਂ ਰਿਟਾਇਰਮੈਂਟ ਤੋਂ ਕੰਮ ਕਰ ਰਹੇ ਸੀਨੀਅਰਜ਼ ਦੀ ਆਮਦਨ ਤੇ ਰਿਬੇਟ ਪੁਰਾਣੀ ਦਰ 3500 ਡਾਲਰ ਤੋਂ ਵਧਾਉਣ ਦੀ ਮੰਗ ਬਾਰੇ ਵਿਚਾਰ ਕਰਦਿਆਂ ਐਸੋਸੀਏਸ਼ਨ ਵਲੋਂ ਦੱਸਿਆ ਗਿਆ ਕਿ ਇਹ ਤਾਂ 1 ਘੰਟਾ ਰੋਜਾਨਾ ਤੋਂ ਵੀ ਘੱਟ ਕੰਮ ਦਿਨ ਬਣਦੇ ਹਨ ਇਸ ਲਈ ਇਸ ਨੂੰ ਵਧਾਉਣ ਤੇ ਜੋਰ ਦਿੱਤਾ।

ਇਸੇ ਤਰ੍ਹਾਂ ਕਨੇਡਾ ਤੋਂ ਬਾਹਰਲੀ ਆਮਦਨ ਜੋ ਕਨੇਡਾ ਵਿੱਚ ਨਹੀਂ ਆਉਂਦੀ ਅਤੇ ਨਾ ਹੀ ਵਰਤੀ ਜਾਂਦੀ ਹੈ ਉਸ ਨੂੰ ਇਨਕਮ ਟੈਕਸ ਰਿਟਰਨ ਵਿੱਚ ਭਰਨ ਤੋਂ ਛੋਟ ਬਾਰੇ ਵੀ ਐਮ ਪੀ ਦਾ ਹਾਂ ਪੱਖੀ ਵਿਚਾਰ ਸੀ। ਜਿੰਨ੍ਹਾਂ ਮਾਪਿਆਂ ਦੇ ਸਾਰੇ ਬੱਚੇ ਕਨੇਡਾ ਵਿੱਚ ਹਨ ਉਹਨਾਂ ਨੂੰ ਪਹਿਲ ਦੇ ਆਧਾਰ ਤੇ ਕਨੇਡਾਂ ਦੀ ਪੀ ਆਰ ਦੀ ਮੰਗ ਤੇ ਪੂਰੀ ਸਹਿਮਤੀ ਜਤਾਈ। ਇਸ ਵਫਦ ਵਿੱਚ ਸ਼ਾਮਲ ਮੈਂਬਰਾਂ ਬਲਵਿੰਦਰ ਬਰਾੜ, ਪ੍ਰੋ: ਨਿਰਮਲ ਸਿੰਘ ਧਾਰਨੀ, ਕਰਤਾਰ ਚਾਹਲ ਅਤੇ ਅਮਰੀਕ ਸਿੰਘ ਕੁਮਰੀਆਂ ਨੇ ਐਸੋਸੀਏਸ਼ਨ ਦਾ ਪੱਖ ਸ਼ਪਸ਼ਟ ਰੂਪ ਵਿੱਚ ਰੱਖਣ ਲਈ ਬੜੇ ਸੁਚੱਜੇ ਢੰਗ ਨਾਲ ਯੋਗਦਾਨ ਪਾਇਆ।

ਇਸ ਮੀਟਿੰਗ ਤੋਂ ਬਾਦ ਟਿੰਮ ਹੌਰਟਨ ਵਿੱਚ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਹੋਈ ਜਿਸ ਵਿੱਚ 26 ਅਕਤੂਬਰ ਦਿਨ ਸ਼ੁੱਕਰਵਾਰ 2:30 ਵਜੇ ਐਮ ਪੀ ਰਾਜ ਗਰੇਵਾਲ ਨਾਲ ਨਿਸ਼ਚਤ ਹੋਈ ਮੀਟਿੰਗ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਤੋਂ ਬਿਨਾਂ ਇਹ ਅਪੀਲ ਕੀਤੀ ਗਈ ਕਿ 6 ਨਵੰਬਰ ਨੂੰ ਫਲਾਵਰ ਸਿਟੀ ਲਈ ਵਾਇਸ ਪਰੈਜੀਡੈਂਟ ਦੀ ਹੋ ਰਹੀ ਚੋਣ ਵਾਸਤੇ ਐਸੋਸੀਏਸ਼ਨ ਵਲੋਂ ਨਾਮਜਦ ਉਮੀਦਵਾਰ ਅਮਰੀਕ ਸਿੰਘ ਕੁਮਰੀਆ ਦੀ ਭਰਪੂਰ ਮੱਦਦ ਕੀਤੀ ਜਾਵੇ। ਐਸੋਸੀਏਸ਼ਨ ਨਾਲ ਸਬੰਧਤ ਸਾਰੇ ਕਲੱਬਾਂ ਤੋਂ ਬਿਨਾਂ ਬਾਹਰ ਰਹਿ ਗਏ ਸਿਟੀ ਨਾਲ ਰਜਿਟਰਡ ਕਲੱਬਾਂ ਨੂੰ ਉਸ ਦੀ ਮੱਦਦ ਲਈ ਬੇਨਤੀ ਕੀਤੀ ਗਈ। ਪਰੈੱਸ ਵਿੱਚ ਛਪੀ ਸੇਵਾ ਦਲ ਦੀ ਖਬਰ ਵਿੱਚ ਦੱਸਿਆ ਗਿਆ ਹੈ ਕਿ "ਸੇਵਾ ਦਲ ਕੋਲ ਲੋਕਾਂ ਦਾ ਪੈਸਾ ਜਮ੍ਹਾਂ ਹੈ ਅਤੇ ਐਸੋਸੀਏਸ਼ਨ ਨਾਲ ਝਗੜੇ ਕਾਰਣ ਇਹ 17400 ਡਾਲਰ ਫਰੀਜ਼ ਹੈ"। ਇਸ ਤੇ ਇਹ ਸਪਸ਼ਟ ਕੀਤਾ ਗਿਆ ਕਿ ਜਿਸ ਸਮੇਂ ਐਸੋਸੀਏਸ਼ਨ ਦੁਆਰਾ ਇਕੱਠਾ ਕੀਤਾ ਇਹ ਪੈਸਾ ਜਮ੍ਹਾਂ ਹੋਇਆ ਸੀ ਉਸ ਵੇਲੇ ਸੇਵਾ ਦਲ ਤਾਂ ਹੋਂਦ ਵਿੱਚ ਹੀ ਨਹੀਂ ਸੀ। ਐਸੋਸੀਏਸ਼ਨ ਸਬੰਧੀ ਕਿਸੇ ਵੀ ਜਾਣਕਾਰੀ ਲਈ ਪਰਮਜੀਤ ਬੜਿੰਗ 647-963-0331, ਬਲਵਿੰਦਰ ਬਰਾੜ 647-262-4026, ਪ੍ਰੋ: ਨਿਰਮਲ ਧਾਰਨੀ 416-670-5874, ਕਰਤਾਰ ਚਾਹਲ 647-854-8746, ਦੇਵ ਸੂਦ 416-533-0722 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਸਤਪਾਲ ਜੌਹਲ ਨੇ ਕੀਤਾ ਵਾਰਡ 9-10 ਦੇ ਵੋਟਰਾਂ ਦਾ ਧੰਨਵਾਦ



ਬਰੈਂਪਟਨ, (ਡਾ. ਝੰਡ) -ਪੱਤਰਕਾਰ ਸਤਪਾਲ ਸਿੰਘ ਜੌਹਲ ਜੋ ਕਿ ਵਾਰਡ 9-10 ਤੋਂ ਪੀਲ ਡਿਸਟ੍ਰਿਕਟ ਸਕੂਲ ਬੋਰਡ ਦੇ ਟਰੱਸਟੀ ਵਜੋਂ ਦਰਜਨ-ਭਰ ਉਮੀਦਵਾਰਾਂ ਵਿੱਚੋਂ ਉੱਭਰਵੇਂ ਉਮੀਦਵਾਰ ਸਨ ਅਤੇ ਇਸ ਚੋਣ ਵਿਚ ਜਿੱਤ ਤੋਂ ਲੱਗਭੱਗ 800 ਵੋਟ ਪਿੱਛੇ ਰਹਿ ਗਏ ਹਨ, ਨੇ ਇਸ ਚੋਣ ਵਾਰਡ ਦੇ ਵੋਟਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

ਇਸ ਪੱਤਰਕਾਰ ਨਾਲ ਫ਼ੋਨ 'ਤੇ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਜੀਵਨ ਦੇ ਹਰੇਕ ਖ਼ੇਤਰ ਵਿਚ ਜਿੱਤ-ਹਾਰ ਤਾਂ ਬਣੀ ਹੀ ਹੋਈ ਹੈ ਅਤੇ ਇਸ ਚੋਣ ਖ਼ੇਤਰ ਵਿਚ ਇਹ ਹੋਰ ਵੀ ਮਹੱਤਵ-ਪੂਰਨ ਹੈ। ਚੋਣ-ਮੈਦਾਨ ਵਿਚ ਚੋਣ ਲੜ ਰਹੇ ਉਮੀਦਵਾਰਾਂ ਵਿੱਚੋਂ ਕਿਸੇ ਇਕ ਨੇ ਹੀ ਜਿੱਤਣਾ ਹੁੰਦਾ ਹੈ ਅਤੇ ਇਸ ਵਾਰਡ ਵਿਚ ਉਹ ਜਿੱਤ ਬਲਬੀਰ ਸੋਹੀ ਨੂੰ ਪ੍ਰਾਪਤ ਹੋਈ ਹੈ। ਉਹ ਉਨ੍ਹਾਂ ਨੂੰ ਹਾਰਦਿਕ ਵਧਾਈ ਦਿੰਦੇ ਹਨ ਅਤੇ ਸਕੂਲ-ਟਰੱਸਟੀ ਵਜੋਂ ਪੂਰੀ ਸੁਹਿਰਦਤਾ ਨਾਲ ਕੰਮ ਕਰਨ ਦੀ ਕਾਮਨਾ ਕਰਦੇ ਹਨ। ਉਨ੍ਹਾਂ ਕਿਹਾ ਕਿ ਉਹ ਭਵਿੱਖ ਵਿਚ ਪਹਿਲਾਂ ਵਾਂਗ ਹੀ ਕਮਿਊਨਿਟੀ ਦੀ ਸੇਵਾ ਕਰਦੇ ਰਹਿਣਗੇ।

# ਨਿਊਜ਼ੀਲੈਂਡ ਕਬੱਡੀ ਫੈਡਰੇਸ਼ਨ ਵੱਲੋਂ ਹੋਵੇਗਾ ਮੰਗਾ ਭੰਡਾਲ ਦਾ ਗੋਲਡ ਮੈਡਲ ਨਾਲ ਸਨਮਾਨ

ਆਕਲੈਂਡ, 24 ਅਕਤੂਬਰ (ਹਰਜਿੰਦਰ ਸਿੰਘ ਬਸਿਆਲਾ)- ਨਿਊਜ਼ੀਲੈਂਡ ਦੇ ਵਿਚ ਕਬੱਡੀ ਖੇਡਣ ਵਾਲੇ ਅਤੇ ਕਬੱਡੀ ਨੂੰ ਪ੍ਰੇਮ ਕਰਨ ਵਾਲਿਆਂ ਦੀ ਬਹੁ-ਗਿਣਤੀ ਹੋ ਸਕਦੀ ਹੈ ਪਰ ਕਬੱਡੀ ਨੂੰ ਖੁਦ ਖੇਡਣਾ, ਖਿਡਾਉਣਾ, ਰੈਫਰੀ ਦੀ ਸੇਵਾ ਕਰਨੀ, ਗਰਾਉਂਡਾਂ ਨੂੰ ਸਜਾਉਣਾ, ਗਰਾਉਂਡਾਂ ਨੂੰ ਬਨਾਉਣਾ, ਡੀ ਮਾਰਕਿੰਗ ਕਰਨੀ ਅਤੇ ਜਾਂ ਅਜਿਹੇ ਕਾਰਜਾਂ ਦੇ ਵਿਚ ਸ਼ਮੂਲੀਅਤ ਰੱਖਣੀ ਇਕ ਖਿਡਾਰੀ ਤੋਂ ਉਪਰ ਵਾਲੀ ਗੱਲ ਹੋ ਜਾਂਦੀ ਹੈ। ਇਕ ਅਜਿਹੀ ਹੀ ਸਿਹਤਮੰਦ ਸਖਸ਼ੀਅਤ ਦਾ ਮਾਲਕ ਹੈ ਨਿਊਜ਼ੀਲੈਂਡ ਰਹਿੰਦਾ ਇਕ ਖਿਡਾਰੀ ਮਲਕੀਤ ਸਿੰਘ ਉਰਫ ਮੰਗਾ ਭੰਡਾਲ। 28 ਅਕਤੂਬਰ ਦਿਨ ਐਤਵਾਰ ਨੂੰ ਨਿਊਜ਼ੀਲੈਂਡ ਕਬੱਡੀ ਫੈਡਰੇਸ਼ਨ ਵੱਲੋਂ ਮੰਗਾ ਭੰਡਾਲ ਨੂੰ ਸੋਨੇ ਦੇ ਤਮਗੇ (ਗੋਲਡ ਮੈਡਲ) ਨਾਲ ਸਨਮਾਨਿਤ ਕੀਤਾ ਜਾਵੇਗਾ।



41 ਸਾਲਾ ਮੰਗਾ ਭੰਡਾਲ ਸੰਨ 2002 ਤੋਂ ਇਥੇ ਹੋਣ ਵਾਲੇ ਕਬੱਡੀ ਮੈਚਾਂ ਦੀ ਸ਼ਾਨ ਬਣਿਆ ਹੋਇਆ ਹੈ। ਸ਼ੁਰੂ ਦੇ ਵਿਚ ਇਸ ਨੌਜਵਾਨ ਖਿਡਾਰੀ ਨੂੰ ਦੁਆਬਾ ਸਪੋਰਟਸ ਕਲੱਬ ਦੀ ਫੁੱਲ ਸੁਪੋਰਟ ਮਿਲੀ ਅਤੇ ਉਹ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਦੇ ਨਹੀਂ ਪੱਥਰ ਰੱਖਣ ਵੇਲੇ ਹੋਏ ਟੂਰਨਾਮੈਂਟ ਦੇ ਵਿਚ ਖੇਡਿਆ ਅਤੇ ਆਪਣੀ ਖੇਡ ਨੂੰ ਹੋਰ ਨਿਖਾਰਦਾ ਚਲਾ ਗਿਆ। ਇਸ ਤੋਂ ਬਾਅਦ ਕੱਬਡੀ ਖੇਡ ਦੇ ਸਫਰ ਨੂੰ ਵਾਈਟ ਰੋਜ਼ ਸਪੋਰਟਸ ਕਲੱਬ ਨੇ ਹੋਰ ਹੁਲਾਰਾ ਦਿੱਤਾ ਅਤੇ ਇਹ ਖਿਡਾਰੀ ਹਰ ਕਬੱਡੀ ਮੈਚ ਦੇ ਵਿਚ ਸ਼ਾਨਦਾਰ ਪ੍ਰਦਰਸ਼ਨ ਕਰਦਾ ਚਲਾ ਗਿਆ। ਇਸ ਤੋਂ ਪਹਿਲਾਂ ਸੰਨ 2000 ਦੇ ਵਿਚ ਮੰਗਾ ਭੰਡਾਲ ਇੰਗਲੈਂਡ ਵੀ ਖੇਡ ਆਇਆ ਸੀ। ਪੰਜਾਬ ਰਹਿੰਦਿਆ ਮੰਗਾ ਭੰਡਾਲ 35 ਕਿਲੋ, 45 ਕਿਲੋ, 62 ਕਿਲੋ ਵਰਗ ਅਤੇ ਫਿਰ ਓਪਨ ਵਰਗ ਦੇ ਵਿਚ ਕਬੱਡੀ ਖੇਡਿਆ। ਸਕੂਲ ਤੋਂ ਸ਼ੁਰੂ ਹੋਇਆ ਇਹ ਸਫਰ ਖਾਲਸਾ ਕਾਲਜ ਜਲੰਧਰ ਤੋਂ ਹੋ ਕੇ ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੱਕ ਗਿਆ। ਨੈਸ਼ਨਲ ਸਟਾਈਲ ਕਬੱਡੀ ਵੀ ਇਸਦੀ ਮਨਪਸੰਦ ਰਹੀ।

ਨਿਊਜ਼ੀਲੈਂਡ ਦਾ ਕਬੱਡੀ ਸਫ਼ਰ: ਇਥੇ ਦੇ ਖੇਡ ਮੈਦਾਨਾਂ ਵਿਚ ਦੋ ਟੀਮਾਂ (ਦੁਆਬਾ ਅਤੇ ਵਾਈਟਰੋਜ਼) ਦਰਮਿਆਨ ਹਮੇਸ਼ਾਂ ਫਸਵਾਂ ਮੁਕਾਬਲਾ ਹੁੰਦਾ ਸੀ, ਤੇ ਮੰਗਾ ਭੰਡਾਲ (ਵਾਈਟਰੋਜ਼ ਕਲੱਬ) ਬਹੁਤ ਸਾਰੇ ਫਾਈਨਲ ਮੈਚ ਜਿੱਤ ਜਾਂਦਾ ਸੀ। ਆਕਲੈਂਡ, ਟੌਰੰਗਾ, ਟੀ ਪੁੱਕੀ ਅਤੇ ਹਮਿਲਟਨ ਵਿਖੇ ਹੁੰਦੇ ਕਬੱਡੀ ਮੈਚਾਂ ਵਿਚ ਮੰਗਾ ਭੰਡਾਲ ਬਹੁਤ ਵਾਰੀ ਬੈਸਟ ਸਟਾਪਰ ਐਲਾਨਿਆ ਗਿਆ ਹੈ। ਨਿਊਜ਼ੀਲੈਂਡ ਦੀ ਤਰਫੋਂ ਮੰਗਾ ਆਸਟਰੇਲੀਆ ਦੇ ਸ਼ਹਿਰ ਬ੍ਰਿਸਬੇਨ ਅਤੇ ਮੈਲਬੌਰਨ ਵੀ ਗਿਆ ਤੇ ਵਧੀਆ ਕਾਰਗੁਜ਼ਾਰੀ ਦਿੱਤੀ। ਮੰਗਾ ਭੰਡਾਲ ਜਿੱਥੇ ਨਵੇਂ ਬੱਚਿਆਂ ਨੂੰ ਇਥੇ ਕਬੱਡੀ ਸਿਖਾਉਂਦਾ ਹੈ ਉਥੇ ਵੱਖ-ਵੱਖ ਥਾਵਾਂ ਉਤੇ ਹੁੰਦੇ ਮੈਚਾਂ ਦੇ ਵਿਚ ਰੈਫਰੀ ਦੀਆਂ ਸੇਵਾਵਾਂ ਵੀ ਨਿਭਾਉਂਦਾ ਹੈ। ਪਿਤਾ ਸ. ਬਲਦੇਵ ਸਿੰਘ ਫੋਰਮੈਨ ਅਤੇ ਮਾਤਾ ਗੁਰਮੇਜ ਕੌਰ ਦਾ ਇਹ ਸਪੁੱਤਰ ਕਬੱਡੀ ਮੈਦਾਨ ਦਾ ਚਮਕਦਾ ਸਿਤਾਰਾ ਬਣਿਆ ਰਹੇ।

ਸਦਾ ਰਿਣੀ ਰਹਾਂਗਾ: ਮੰਗਾ ਭੰਡਾਲ ਨੇ ਨਿਊਜ਼ੀਲੈਂਡ ਵਸਦੇ ਉਨ੍ਹਾਂ ਸਾਰੇ ਆਪਣੇ ਸਪਾਂਸਰਜ਼, ਸ਼ੁੱਭ ਚਿੰਤਕਾਂ ਅਤੇ ਦਰਸ਼ਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਹੈ ਜਿਨ੍ਹਾਂ ਦੇ ਸਹਿਯੋਗ ਸਦਕਾ ਅੱਜ ਉਹ ਇਥੇ ਤੱਕ ਪਹੁੰਚ ਸਕਿਆ ਹੈ। ਉਸਨੇ ਆਪਣੇ ਪਰਿਵਾਰਕ ਮੈਂਬਰਾਂ ਦਾ ਵੀ ਸ਼ੁਕਰੀਆ ਅਦਾ ਕੀਤਾ ਹੈ ਜਿਨ੍ਹਾਂ ਦੀ ਹੱਲ੍ਹਾਸ਼ੇਰੀ ਉਸ ਦੇ ਲਈ ਸਫਲਤਾ ਦੀ ਪੌੜੀ ਸਾਬਿਤ ਹੋਈ।

ਨਿਊਜ਼ੀਲੈਂਡ ਕਬੱਡੀ ਫੈਡਰੇਸ਼ਨ ਦਾ ਧੰਨਵਾਦ: ਮੰਗਾ ਭੰਡਾਲ ਨੇ ਨਿਊਜ਼ੀਲੈਂਡ ਕਬੱਡੀ ਫੈਡਰੇਸ਼ਨ ਦੇ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਦਾ ਧੰਨਵਾਦ ਕੀਤਾ ਹੈ ਜਿਨ੍ਹਾਂ ਨੇ ਇਸ ਨਿਮਾਣੇ ਨੂੰ ਐਨਾ ਵੱਡਾ ਮਾਨ ਦੇਣ ਲਈ ਚੁਣਿਆ। ਭਾਵੇਂ ਉਹ ਆਪਣੇ ਆਪ ਨੂੰ ਇਸ ਕਾਬਿਲ ਨਹੀਂ ਸੀ ਸਮਝਦੇ ਪਰ ਪਿਆਰੇ ਦੋਸਤਾਂ ਦੇ ਪਿਆਰ ਅੱਗੇ ਉਹ ਨਾਂਹ ਨਹੀਂ ਕਰ ਸਕੇ।

# ਡਰਾਈਵਿੰਗ ਸਕੂਲ ਇੰਸਟਰਕਟਰ ਐਸੋਸੀਏਸ਼ਨ ਨੇ ਆਖੰਠ ਪਾਠ ਸਾਹਿਬ ਕਰਵਾਇਆ



ਬੀਤੇ ਦਿਨੀਂ ਡਰਾਈਵਿੰਗ ਸਕੂਲ ਇੰਸਟਰਕਟਰ ਐਸੋਸੀਏਸ਼ਨ ਵੱਲੋਂ ਸ੍ਰੀ ਅਖੰਡ ਪਾਠ ਆਰੰਭ ਕੀਤਾ ਗਿਆ। ਸਨਿਸ਼ਰਵਾਰ ਵਾਲੇ ਦਿਨ ਭੋਗ ਪਾਏ ਗਏ। ਇਸ ਮੌਕੇ ਬਲਕਾਰ ਸਿੰਘ, ਹਰਭਜਨ ਸਿੰਘ, ਬਲਵਿੰਦਰ ਸਿੰਘ ਅਟਵਾਲ, ਇੰਦਰਜੀਤ ਸਿੰਘ ਲਾਲੀ, ਜਸਵੰਤ ਸਿੰਘ ਜੌਹਲ, ਜਸਵੀਰ ਸਿੰਘ ਸਗੀ, ਬਚਿੱਤਰ ਸਿੰਘ, ਭਗਵੰਤ ਸਿੰਘ, ਨਰਿੰ-ਦਰ ਸਿੰਘ ਤੇ ਜਸਪਾਲ ਸਿੰਘ ਸ਼ਾਮਿਲ ਹੋਏ। ਸੁਲੱਖਣ ਸਿੰਘ ਅਟਵਾਲ ਉਚੇਚੇ ਤੌਰ 'ਤੇ ਹਾਜ਼ਰੀ ਲੁਆਈ। ਉਨ੍ਹਾਂ ਦੱਸਿਆ ਕਿ ਸੁਲੱਖਣ ਸਿੰਘ ਅਟਵਾਲ ਓਨਟਾਰੀਓ ਸੂਬੇ ਦੇ ਪਹਿਲੇ ਇੰਸਟਰੱਕਟਰ ਹਨ ਤੇ ਡਿਫੈਂਸਿਵ driving classes start ਕੀਤੀਆਂ। ਉਸ ਤੋਂ ਬਾਅਦ ਉਹ ਇਸ ਸੂਬੇ ਵਿੱਚ ਪਹਿਲੇ examiner, ਇਸ ਤੋਂ ਬਾਅਦ ਅਟਵਾਲ ਨੇ ਇਕ ਪੰਜਾਬੀ ਵਿਚ written test ਲਿਖਣ ਲਈ ਇਕ ਬੁੱਕ ਲਿਖੀ ਜੋ ਅੱਜ ਤੱਕ ਚਲਦੀ ਹੈ। ਇਸ ਸਮਾਗਮ ਦਾ ਸਾਰੇ ਇੰਸਟਰਕਟਰਾਂ ਨੇ ਰਲ ਮਿਲਕੇ ਕੀਤਾ।


## ਸੰਤ ਬਾਬਾ ਰਾਮ ਸਿੰਘ ਜੀ ਦੀ ਸਲਾਨਾ ਬਰਸੀ



ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪਿੰਡ ਲੱਲਕਲਾਂ ਅਤੇ ਸਮਰਾਲਾ ਇਲਾਕਾ ਨਿਵਾਸੀਆਂ ਵਲੋਂ ਸੰਤ ਬਾਬਾ ਰਾਮ ਸਿੰਘ ਜੀ ਦੀ ਯਾਦ ਵਿੱਚ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਪਾਠ 1 ਨਵੰਬਰ 2018 ਦਿਨ ਵੀਰਵਾਰ ਨੂੰ ਸ੍ਰੀ ਗੁਰੂ ਸਿੰਘ ਸਭਾ ਮਾਲਟਨ ਗੁਰਦੁਆਰਾ ਸਾਹਿਬ ਵਿਖੇ ਸਵੇਰੇ 10:30 ਵਜੇ ਆਰੰਭ ਕੀਤੇ ਜਾ ਰਹੇ ਹਨ ਅਤੇ 3 ਨਵੰਬਰ ਦਿਨ ਸ਼ਨੀਵਾਰ ਨੂੰ ਸਵੇਰੇ 11 ਵਜੇ ਭੋਗ ਪਾਏ ਜਾਣਗੇ । ਸਾਰੀਆਂ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਆਪਣੇ ਪਰਿਵਾਰਾਂ ਸਮੇਤ ਗੁਰਦਵਾਰਾ ਸਾਹਿਬ ਪਹੁੰਚੋ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ।

ਵਧੇਰੇ ਜਾਣਕਾਰੀ ਲਈ ਕਾਲ ਕਰੋ:
ਕਰਮ ਸਿੰਘ ਪੂਨੀਆ : 416-262-2600
ਜੀਤ ਸਿੰਘ : 647-655-1543
ਅਮਰਪਾਲ ਸਿੰਘ ਮਾਂਗਟ: 416-219-2628



## ਫੂਡ ਡਿਸਟਰੀਬਿਊਸ਼ਨ ਕੰਪਣੀ ਨੂੰ ਵਰਕਰਾਂ ਦੀ ਤੁਰੰਤ ਲੋੜ ਹੈ

(PART TIME/FULL TIME)

ਚੰਗੀ ਜੋਬ ਤੇ ਵਧੀਆ ਤਨਖਾਹ

Job Description:
- Order picking and packing as well as stocking up of shelves.
- Contribute to daily inbound or outbound warehouse operations.
- Palletize and wrap skids, Organize warehouse space, Pick and load orders quickly and accurately and other duties as required.

Requirements:
- Capable of lifting up to 50lbs.
- Able to speak English
- Shift time from 3pm to 11pm on week days
- Hourly rate of $16 to $17 depending upon experience

Please Email your resume at siva@srimi.com or by fax at +1 647-351-7157 or call Ram at +1 647-831-9149 (Morning) or Siva at +1 416-666-8525 (Evening).



## Jobs Jobs Jobs

General Labour/ Unloader/ Window Assemblers & Machine Operators

- Full time/Part time workers Needed
- Morning & Afternoon Shifts Available
- 12 ਘੰਟੇ ਦੀਆਂ Shifts Available ਹਨ
- 7 ਦਿਨ ਕੰਮ ਉਪਲਬੱਧ ਹੈ।
- ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
- ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ

2355 Derry Rd E, Unit#20, 2nd Floor, Mississauga
Torbram/Derry intersection ਦੇ ਨੇੜੇ

ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
Neha: 416.855.9671 or 416.618.6030

# ਡੱਗ ਫੋਰਡ, ਪੈਟਰਿਕ ਬਰਾਊਨ ਅਤੇ ਕੱਲ!

...ਪੰਨਾ 1 ਦਾ ਬਾਕੀ

ਐਨਾ ਹੀ ਨਹੀਂ ਸਗੋਂ ਬਰਾਊਨ ਨੇ ਕਿਹਾ ਕਿ ਬਰੈਂਪਟਨ ਨੂੰ ਲੱਗਣ ਵਾਲੇ ਹਰ ਫੰਡਿੰਗ ਕੱਟ ਨੂੰ ਉਹ ਪਰਸਨਲ ਲਵੇਗਾ ਭਾਵ ਉਹ ਉਮੀਦ ਕਰਦਾ ਹੈ ਕਿ ਬਰੈਂਪਟਨ ਦੇ ਗਲੇ ਉੱਤੇ ਕੱਟਾਂ ਦੀ ਹੋਰ ਛੁਰੀ ਵੱਜਣ ਵਾਲੀ ਹੈ।

ਪੈਟਰਿਕ ਬਰਾਊਨ ਦੇ ਸਿਆਸੀ ਖੰਭ ਕੁਤਰਨ ਲਈ ਹੀ ਡੱਗ ਫੋਰਡ ਨੇ ਪੀਲ ਰੀਜਨਲ ਕਾਉਂਸਲ ਦੀ ਚੋਣ ਰੱਦ ਕੀਤੀ ਸੀ। ਹੋਇਆ ਉਲਟ ਕਿ ਬਰਾਊਨ ਝਕਾਨੀ ਦੇ ਕੇ ਬਰੈਂਪਟਨ ਆ ਉੱਤਰਿਆ ਅਤੇ ਮੇਅਰ ਚੁਣਿਆ ਗਿਆ। ਫੋਰਡ ਮਸ਼ੀਨਰੀ ਨੇ ਆਪਣੇ ਐਮ ਪੀ ਪੀਆਂ ਅਤੇ ਚੋਣ ਮੈਨੇਜਰਾਂ ਨੂੰ ਲਿੰਡਾ ਜੈਫਰੀ ਦੀ ਮਦਦ ਕਰਨ ਦੇ ਸੰਕੇਤ ਭੇਜੇ ਜਿਸਨੂੰ ਵੋਟਰਾਂ ਨੇ ਸ਼ਾਇਦ ਪਸੰਦ ਨਹੀਂ ਕੀਤਾ ਅਤੇ ਬਰਾਊਨ ਨੂੰ ਜਿਤਾ ਦਿੱਤਾ।

ਡੱਗ ਫੋਰਡ ਵੱਲੋਂ ਹਾਲੇ ਤੱਕ ਦਾਅਵੇ ਕੀਤੇ ਜਾ ਰਹੇ ਹਨ ਕਿ ਪੈਟਰਿਕ ਬਰਾਊਨ ਵੱਲੋਂ ਕੰਜ਼ਰਵੇਟਿਵ ਪਾਰਟੀ ਦੀ ਨੌਮੀਨੇਸ਼ਨ ਪ੍ਰਕਿਰਿਆ ਵਿੱਚ ਪਾਏ ਗਏ ਗੰਦ ਨੂੰ ਉਹ ਸਾਫ਼ ਕਰਨ ਦੀ ਪ੍ਰਕਿਰਿਆ ਵਿੱਚ ਹੈ। ਕਿਸੇ ਵੇਲੇ ਪੰਜਾਬੀ ਪੋਸਟ ਨੇ ਅੱਖੜ ਅਤੇ ਜਿੱਦੀ ਸੁਭਾਅ ਰੱਖਣ ਕਾਰਣ ਡੱਗ ਫੋਰਡ ਦੇ ਵੱਡੇ ਭਰਾ ਰੌਬ ਫੋਰਡ ਨੂੰ 'ਕੈਨੇਡੀਅਨ ਜੱਟ' ਦੀ ਸੰਗਿਆ ਦਿੱਤੀ ਸੀ। ਜਿੱਦੀ ਜੱਟ ਵਾਲਾ ਅੰਸ਼ ਡੱਗ ਫੋਰਡ ਵਿੱਚ ਵੀ ਮੌਜੂਦ ਹੈ। ਵੇਖਣਾ ਹੋਵੇਗਾ ਕਿ ਪੈਟਰਿਕ ਬਰਾਊਨ ਅੰਦਰਲਾ ਵਕੀਲ ਇਸ ਜੱਟ ਨਾਲ ਜਨਤਾ ਦੀ ਕਚਿਹਰੀ ਵਿੱਚ ਕਿੱਥੇ ਤੱਕ ਮੱਥਾ ਲਾਵੇਗਾ।

ਆਖਦੇ ਹਨ ਕਿ ਖਰਬੂਜਾ ਛੁਰੀ ਉੱਤੇ ਡਿੱਗੇ ਜਾਂ ਛੁਰੀ ਖਰਬੂਜੇ ਉੱਤੇ...ਨੁਕਸਾਨ? ਇਸ ਸਥਿਤੀ ਵਿੱਚ ਸ਼ਾਇਦ ਨੁਕਸਾਨ ਸੱਭ ਤੋਂ ਵੱਧ ਬਰੈਂਪਟਨ ਵਾਸੀਆਂ ਦਾ ਹੋਵੇਗਾ।

ਪੰਜਾਬੀ ਪੋਸਟ
Canadian Punjabi Post
Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

Founder Editor - Jagdish Singh Grewal
Managing Director - Parminder Kaur Grewal
Honorary Editor - Jatinder Pannu
Contributing Editors - Karam Singh Punia
- Gyan Singh
- Angrej Singh
Office Admin Assistant - Priya Sodhi
Marketing Executives - HS Nagpal
- Gurpreet Singh Pall
Photographer - Kanwaljit Singh Kanwal
Distribution - Aman Warriach

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਵੋਟਰਾਂ ਨੇ ਫੇਰ ਕੀਤਾ ਖੁਦ ਨਾਲ ਦਗਾ

...ਪੰਨਾ 1 ਦਾ ਬਾਕੀ

ਐਮ ਪੀ ਪੀ ਪ੍ਰਭਮੀਤ ਸਰਕਾਰੀਆ ਨੇ ਚੋਣ ਪ੍ਰਚਾਰ ਦੌਰਾਨ ਇੱਕ ਵੀਡੀਓ ਰਾਹੀਂ ਵੋਟਰਾਂ ਨੂੰ ਘਰੋਂ ਨਿਕਲ ਕੇ ਵੋਟ ਪਾਉਣ ਦਾ ਹੋਕਾ ਦਿੱਤਾ ਸੀ। ਇਸੇ ਤਰਾਂ ਰੇਡੀਓ, ਟੈਲੀਵਿਜ਼ਨ ਅਤੇ ਅਖਬਾਰਾਂ ਨੇ ਆਪੋ ਆਪਣੀ ਵਾਹ ਲਾਈ। ਇਹਨਾਂ ਉੱਦਮਾਂ ਦੇ ਬਾਵਜੂਦ ਇਸ ਵਾਰ 2014 ਨਾਲੋਂ ਵੀ ਤਕਰੀਬਨ 2% ਘੱਟ ਵੋਟਾਂ ਪਈਆਂ ਹਨ।

ਕਮਿਊਨਿਟੀ ਵਿੱਚ ਇਹ ਵੀ ਚਰਚਾ ਹੈ ਕਿ ਸੋਸ਼ਲ ਮੀਡੀਆ ਉੱਤੇ ਪਾਈ ਗਈ ਐਮ ਪੀ ਰਾਜ ਗਰੇਵਾਲ ਅਤੇ ਐਮ ਪੀ ਪੀ ਪ੍ਰਭਮੀਤ ਸਰਕਾਰੀਆ ਦੀ ਵੀਡੀਓ ਦਾ ਮਕਸਦ ਅਸਿੱਧੇ ਰੂਪ ਵਿੱਚ ਲਿੰਡਾ ਜੈਫਰੀ ਦੇ ਹੱਕ ਵਿੱਚ ਵੱਧ ਵੋਟਾਂ ਭੁਗਤਾਉਣਾ ਸੀ। ਲਿੰਡਾ ਜੈਫਰੀ ਦੇ ਕੈਂਪ ਵਿੱਚ ਮਹਿਸੂਸ ਕੀਤਾ ਜਾ ਰਿਹਾ ਸੀ ਕਿ ਲਿੰਡਾ ਜੈਫਰੀ ਤੋਂ ਉਕਤਾਏ ਵੋਟਰ ਵੋਟ ਪਾਉਣ ਜਾਣਗੇ ਜਦੋਂ ਕਿ ਨਿਰਪੱਖ ਵੋਟਰ ਘਰ ਬੈਠ ਕੇ ਤਮਾਸ਼ੇ ਵੇਖਦੇ ਰਹਿਣਗੇ। ਸ਼ਾਇਦ ਇਹ ਗੱਲ ਵੋਟਾਂ ਵਾਲੇ ਦਿਨ ਸੱਚ ਵੀ ਸਾਬਤ ਹੋਈ।

ਮਿਸੀਸਾਗਾ ਵਿੱਚ ਮੇਅਰ ਬੌਨੀ ਕਰੌਂਬੀ ਨੂੰ 91 ਹਜ਼ਾਰ 422 ਵੋਟਾਂ ਹਾਸਲ ਹੋਈਆਂ ਜੋ ਕਿ ਕੁੱਲ ਰਜਿਸਟਰਡ ਵੋਟਰਾਂ ਦਾ ਮਹਿਜ਼ 21% ਬਣਦਾ ਹੈ। ਇਸਦਾ ਅਰਥ ਹੈ ਕਿ ਮਿਸੀਸਾਗਾ ਦੇ 73% ਰਜਿਸਟਰਡ ਵੋਟਰਾਂ ਨੇ ਮੇਅਰ ਅਤੇ ਸਿਟੀ ਕਾਉਂਸਲਰਾਂ ਨੂੰ ਚੁਣਨ ਲਈ ਆਪਣੇ ਹੱਕ ਦੀ ਵਰਤੋਂ ਹੀ ਨਹੀਂ ਕੀਤੀ।

ਗਰੇਟਰ ਟੋਰਾਂਟੋ ਏਰੀਆ ਵਿੱਚ ਸੱਭ ਤੋਂ ਵੱਧ ਵੋਟਿੰਗ ਟੋਰਾਂਟੋ ਵਿੱਚ ਹੋਈ ਜਿੱਥੇ 41% ਵੋਟਾਂ ਭੁਗਤੀਆਂ। ਹਾਲਟਨ ਵਿੱਚ 39%, ਯੌਰਕ ਰੀਜਨ ਵਿੱਚ 33% ਅਤੇ ਡੁਰਹਮ ਰੀਜਨ ਵਿੱਚ 30% ਵੋਟਾਂ ਦਾ ਭੁਗਤਾਨ ਹੋਇਆ। ਮਿਸੀਸਾਗਾ, ਬਰੈਂਪਟਨ ਅਤੇ ਕੈਲੀਡਾਨ ਨੂੰ ਮਿਲਾ ਕੇ ਪੀਲ ਰੀਜਨ ਦੀ ਵੋਟ ਪ੍ਰਤੀਸ਼ਤਤਾ 35% ਰਹੀ ਹੈ।

## ਬਰੈਂਪਟਨ ਕਾਉਂਸਲ ਯੂਨੀਵਰਸਿਟੀ ਲਈ ਵਚਨਬੱਧ?

...ਪੰਨਾ 1 ਦਾ ਬਾਕੀ

ਇਸਦੇ ਉਲਟ ਰਾਇਰਸਨ ਯੂਨੀਵਰਸਿਟੀ ਦੇ ਪ੍ਰੈਜ਼ੀਡੈਂਟ ਅਤੇ ਵਾਈਸ ਚਾਂਸਲਰ ਮੁਹੰਮਦ ਲਾਚੇਮੀ ਨੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਰਾਇਰਸਨ ਯੂਨੀਵਰਸਿਟੀ ਨੂੰ ਪ੍ਰੋਵਿੰਸ਼ੀਅਲ ਸਰਕਾਰ ਵੱਲੋਂ ਫੰਡ ਕੈਂਸਲ ਕਰਨ ਬਾਰੇ ਸੂਚਨਾ ਪ੍ਰਾਪਤ ਹੋ ਚੁੱਕੀ ਹੈ ਅਤੇ ਉਹ ਸਮਝਦੇ ਹਨ ਕਿ ਪ੍ਰੋਵਿੰਸ਼ੀਅਲ ਸਰਕਾਰ ਲਈ ਇੱਕ ਮੁਸ਼ਕਲ ਫੈਸਲਾ ਸੀ।

ਵਾਈਸ ਚਾਂਸਲਰ ਨੇ ਇਹ ਵੀ ਕਿਹਾ ਹੈ ਕਿ ਸਹੀ ਹੁਨਰਾਂ ਦੀ ਵਰਤੋਂ ਕਰਦੇ ਹੋਏ ਉਹ ਸਰਕਾਰ ਅਤੇ ਹੋਰ ਭਾਈਵਾਲਾਂ ਨਾਲ ਮਿਲ ਕੇ ਅਕਦਾਮਿਕ ਪ੍ਰੋਗਰਾਮ ਜਾਰੀ ਰੱਖਣਗੇ। ਬਰੈਂਪਟਨ ਸਿਟੀ ਅਤੇ ਰਾਇਰਸਨ ਯੂਨੀਵਰਸਿਟੀ ਦੋਵਾਂ ਵੱਲੋਂ ਆਪੋ ਆਪਣੇ ਵੱਖਰੇ ਬਿਆਨਾਂ ਵਿੱਚ ਕਿਹਾ ਗਿਆ ਹੈ ਕਿ ਅਗਲੇ ਕੁੱਝ ਹਫ਼ਤਿਆਂ ਵਿੱਚ ਇੰਨੋਵੇਸ਼ਨ ਹੱਬ, ਸਾਈਬਰ ਸਿਕਿਉਰਿਟੀ ਪ੍ਰੋਗਰਾਮਾਂ ਅਤੇ ਚੈਂਗ ਸਕੂਲ ਦੇ ਕੋਰਸਾਂ ਬਾਬਤ ਹੋਰ ਜਾਣਕਾਰੀ ਸਾਂਝੀ ਕੀਤੀ ਜਾਵੇਗੀ।

## ਬਾਦਲਾਂ ਤੇ ਸੁਮੇਧ ਸੈਣੀ ਦੀ ਗ੍ਰਿਫ਼ਤਾਰੀ ਲਈ ਬਰਗਾੜੀ ਵਾਲੇ ਆਗੂ ਗਵਰਨਰ ਕੋਲ ਪੁੱਜੇ



ਚੰਡੀਗੜ੍ਹ, 24 ਅਕਤੂਬਰ, (ਪੋਸਟ ਬਿਊਰੋ)- ਬਰਗਾੜੀ ਵਾਲੇ ਇਨਸਾਫ਼ ਮੋਰਚੇ ਨੇ ਅੱਜ ਵੱਖ ਵੱਖ ਸਿੱਖ ਜਥੇਬੰਦੀਆਂ ਤੇ ਪਾਰਟੀਆਂ ਦੇ ਆਗੂਆਂ ਸਮੇਤ ਪੰਜਾਬ ਦੇ ਗਵਰਨਰ ਵੀ ਪੀ ਸਿੰਘ ਬਦਨੌਰ ਤੱਕ ਪਹੁੰਚ ਕਰ ਕੇ ਮੰਗ ਕੀਤੀ ਕਿ ਬੇਅਦਬੀ ਤੇ ਬਹਿਬਲ ਕਲਾਂ ਗੋਲੀ ਕਾਂਡ ਵਿੱਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ ਅਤੇ ਓਦੋਂ ਦੇ ਪੁਲੀਸ ਮੁਖੀ ਸੁਮੇਧ ਸਿੰਘ ਸੈਣੀ ਦਾ ਨਾਂ ਸਾਹਮਣੇ ਆਉਣ ਕਾਰਨ ਉਨ੍ਹਾਂ ਤਿੰਨਾਂ ਦੇ ਵਿਰੁੱਧ ਕੇਸ ਦਰਜ ਕਰ ਕੇ ਜੇਲ੍ਹ ਵਿੱਚ ਭੇਜਿਆ ਜਾਵੇ, ਤਾਂ ਕਿ ਲੋਕਾਂ ਨੂੰ ਇਨਸਾਫ ਹੁੰਦਾ ਦਿਖਾਈ ਦੇ ਸਕੇ।

ਅੱਜ ਇਕ ਵੀਹ ਮੈਂਬਰੀ ਵਫ਼ਦ ਪੰਜਾਬ ਦੇ ਗਵਰਨਰ ਵੀ ਪੀ ਸਿੰਘ ਬਦਨੌਰ ਨੂੰ ਮਿਲਿਆ ਅਤੇ ਮੰਗ ਪੱਤਰ ਦੇ ਕੇ ਕਿਹਾ ਕਿ ਪਿਛਲੇ ਦਿਨੀਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਭਾਜਪਾ ਤੇ ਅਕਾਲੀ ਦਲ ਦਾ ਵਫ਼ਦ ਗਵਰਨਰ ਨੂੰ ਮਿਲਿਆ ਸੀ ਅਤੇ ਇਸ ਵਫ਼ਦ ਨੇ ਬਰਗਾੜੀ ਵਿਚ ਚੱਲਦੇ ਇਨਸਾਫ਼ ਮੋਰਚੇ ਨੂੰ ਗਰਮ ਖਿਆਲੀ, ਅਤਿਵਾਦੀ ਅਤੇ ਪਾਕਿਸਤਾਨ ਦੀ ਖੁਫ਼ੀਆ ਏਜੰਸੀ ਆਈ ਐੱਸ ਆਈ ਦੇ ਏਜੰਟ ਕਿਹਾ ਸੀ। ਅੱਜ ਇਨ੍ਹਾਂ ਆਗੂਆਂ ਨੇ ਗਵਰਨਰ ਨੂੰ ਕਿਹਾ ਕਿ ਬਰਗਾੜੀ ਵਿਚ ਇਨਸਾਫ ਮੋਰਚੇ ਦਾ ਧਰਨਾ 146 ਦਿਨਾਂ ਤੋਂ ਪੂਰੀ ਤਰ੍ਹਾਂ ਸ਼ਾਂਤਮਈ ਚੱਲ ਰਿਹਾ ਹੈ। ਉਨ੍ਹਾਂ ਨੇ ਬਰਗਾੜੀ ਦੇ ਇਨਸਾਫ਼ ਮੋਰਚੇ ਬਾਰੇ ਗ਼ਲਤ ਪ੍ਰਚਾਰ ਲਈ ਅਕਾਲੀ ਦਲ ਦੀ ਸਖ਼ਤ ਨਿਖੇਧੀ ਕੀਤੀ।

ਗਵਰਨਰ ਨੂੰ ਮਿਲਣ ਪਿੱਛੋਂ ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਤੇ ਲੋਕ ਸਭਾ ਮੈਂਬਰ ਧਰਮਵੀਰ ਗਾਂਧੀ ਨੇ ਮੰਗ ਕੀਤੀ ਕਿ ਪਿਛਲੀ ਅਕਾਲੀ ਸਰਕਾਰ ਸਮੇਂ ਸਾਲ 2015 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਬਦੀ ਦੇ ਵਿਰੋਧ ਵਿੱਚ ਸ਼ਾਂਤਮਈ ਰੋਸ ਪ੍ਰਗਟ ਕਰਦੇ ਲੋਕਾਂ ਉੱਤੇ ਪੁਲੀਸ ਵੱਲੋਂ ਗੋਲੀ ਚਲਾਉਣ ਦੇ ਦੋਸ਼ ਹੇਠ ਉਸ ਵੇਲੇ ਦੀ ਸਰਕਾਰ ਦੇ ਮੁੱਖ ਮੰਤਰੀ ਤੇ ਓਦੋਂ ਦੇ ਪੁਲੀਸ ਮੁਖੀ ਵਿਰੁੱਧ ਕੇਸ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਜਾਵੇ। ਵਰਨਣ ਯੋਗ ਹੈ ਕਿ ਉਸ ਪੁਲੀਸ ਗੋਲੀ ਵਿਚ ਦੋ ਸਿੰਘ ਮਾਰੇ ਗਏ ਅਤੇ ਕਈ ਜ਼ਖ਼ਮੀ ਹੋ ਗਏ ਸਨ। ਉਨ੍ਹਾਂ ਦੋਸ਼ ਲਾਇਆ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੋਸ਼ੀਆਂ ਦੇ ਖ਼ਿਲਾਫ਼ ਕਾਰਵਾਈ ਦੀ ਥਾਂ ਲੁਕਣਮੀਚੀ ਖੇਡ ਰਹੀ ਹੈ ਤੇ ਕੇਂਦਰ ਸਰਕਾਰ ਤਮਾਸ਼ਾ ਵੇਖ ਰਹੀ ਹੈ। ਉਨ੍ਹਾਂ ਕਿਹਾ ਕਿ ਮੋਰਚੇ ਦੇ ਆਗੂ ਅਗਲੇ ਦਿਨਾਂ ਵਿਚ ਆਪਣੀਆਂ ਮੰਗਾਂ ਦੇ ਹੱਕ ਵਿਚ ਹੋਰ ਸਰਗਰਮੀ ਵੀ ਕਰਨਗੇ ਤੇ ਉਸ ਤੋਂ ਪਹਿਲਾਂ ਸਰਕਾਰਾਂ ਨੂੰ ਕਾਰਵਾਈ ਕਰਨੀ ਚਾਹੀਦੀ ਹੈ।

## ਗਿਆਨੀ ਹਰਪ੍ਰੀਤ ਸਿੰਘ ਦੀ ਨਿਯੁਕਤੀ ਨੂੰ ਸੰਤ ਸਮਾਜ ਨੇ ਮਨਜ਼ੂਰ ਨਹੀਂ ਕੀਤਾ

ਚੰਡੀਗੜ੍ਹ, 24 ਅਕਤੂਬਰ (ਪੋਸਟ ਬਿਊਰੋ)- ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਜੋਂ ਗਿਆਨੀ ਹਰਪ੍ਰੀਤ ਸਿੰਘ ਦੀ ਨਿਯੁਕਤੀ ਨੂੰ ਰੱਦ ਕਰਦਿਆਂ ਸੰਤ ਸਮਾਜ ਨੇ ਕਿਹਾ ਕਿ ਉਹ ਵਿਦਵਾਨ ਹੋ ਸਕਦੇ ਹਨ, ਪਰ ਖਾਲਸਾ ਪੰਥ ਦਾ ਪ੍ਰਵਾਨ ਯੋਗ ਜਥੇਦਾਰ ਨਹੀਂ ਹੋ ਸਕਦੇ। ਇਸ ਨਾਲ ਇੱਕ ਨਵੀਂ ਸਥਿਤੀ ਪੈਦਾ ਹੋ ਗਈ ਹੈ। ਸੰਤ ਸਮਾਜ ਦੇ ਸਰਪ੍ਰਸਤ ਬਾਬਾ ਸਰਬਜੋਤ ਸਿੰਘ ਬੇਦੀ, ਬਾਬਾ ਸੇਵਾ ਸਿੰਘ ਰਾਮਪੁਰ ਖੇੜਾ, ਹਰੀ ਸਿੰਘ ਰੰਧਾਵੇ ਵਾਲੇ, ਲਖਬੀਰ ਸਿੰਘ ਰਤਵਾੜਾ ਸਾਹਿਬ ਤੇ ਗੁਰਪ੍ਰੀਤ ਸਿੰਘ ਨੇ ਜਾਰੀ ਕੀਤੇ ਸਾਂਝੇ ਬਿਆਨ ਵਿੱਚ ਕਿਹਾ ਕਿ ਵਾਰ-ਵਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਮਹਾਨ ਪ੍ਰੰਪਰਾਵਾਂ ਨਾਲ ਹੁੰਦੇ ਕੋਝੇ ਮਜ਼ਾਕ ਨੂੰ ਸਿੱਖ ਪੰਥ ਬਰਦਾਸ਼ਤ ਨਹੀਂ ਕਰ ਸਕਦਾ। ਉਨ੍ਹਾਂ ਕਿਹਾ ਕਿ ਇਤਿਹਾਸ ਤੇ ਸਿੱਖ ਪੰਥ ਇਸ ਵਿਹਾਰ ਲਈ ਜ਼ਿੰਮੇਵਾਰ ਲੋਕਾਂ ਨੂੰ ਕਦੇ ਵੀ ਮੁਆਫ ਨਹੀਂ ਕਰੇਗਾ। ਸੰਤ ਸਮਾਜ ਦੇ ਇਨ੍ਹਾਂ ਪ੍ਰਤੀਨਿਧਾਂ ਨੇ ਕਿਹਾ ਕਿ ਗਿਆਨੀ ਗੁਰਬਚਨ ਸਿੰਘ ਦਾ ਅਸਤੀਫਾ ਬਹੁਤ ਵੱਡੇ ਪੰਥਕ ਸਵਾਲਾਂ ਦੇ ਜਵਾਬ ਮੰਗਦਾ ਹੈ, ਜਿਨ੍ਹਾਂ ਦੇ ਜਵਾਬ ਜ਼ਿੰਮੇਵਾਰ ਲੋਕਾਂ ਤੇ ਗਿਆਨੀ ਗੁਰਬਚਨ ਸਿੰਘ ਨੂੰ ਦੇਣੇ ਪੈਣਗੇ। ਉਨ੍ਹਾਂ ਪੁੱਛਿਆ ਕਿ ਗਿਆਨੀ ਗੁਰਬਚਨ ਸਿੰਘ ਨੇ ਸਿੱਖ ਪੰਥ ਤੋਂ ਗੁਨਾਹਾਂ ਦੀ ਮੁਆਫੀ ਮੰਗੀ ਹੈ, ਪਰ ਸਪੱਸ਼ਟ ਵੀ ਕਰਨ ਕਿ ਕਿਹੜੇ ਗੁਨਾਹ ਅਤੇ ਕਿਵੇਂ ਕੀਤੇ ਸਨ ਤੇ ਪਰਦੇ ਪਿੱਛੇ ਕਿਸ ਵਿਅਕਤੀ ਦੀ ਕੀ ਭੂਮਿਕਾ ਸੀ। ਨਵੇਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਨਿਯੁਕਤੀ ਉੱਤੇ ਸਵਾਲ ਉਠਾਉਂਦਿਆਂ ਸੰਤ ਸਮਾਜ ਦੇ ਆਗੂਆਂ ਨੇ ਕਿਹਾ ਕਿ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਵਜੋਂ ਅਕਾਲੀ ਦਲ ਦੇ ਸੀਨੀਅਰ ਆਗੂ ਬਲਵਿੰਦਰ ਸਿੰਘ ਭੂੰਦੜ ਨੂੰ ਦਿੱਤੀ ਮੁਆਫੀ ਦੇ ਢੰਗ ਤੋਂ ਲੱਗਦਾ ਹੈ ਕਿ ਉਹ ਨਿਰਪੱਖ ਤੌਰ 'ਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਜ਼ਿੰਮੇਵਾਰੀ ਵੀ ਨਹੀਂ ਨਿਭਾ ਸਕਣਗੇ।

## ਬੈਂਕ ਵਿਆਜ਼ ਦਰਾਂ ਵਿੱਚ ਵਾਧਾ, ਮਾਰਟਗੇਜ ਚੁੱਕਣ ਵਾਲੇ ਕੜਿੱਕੀ 'ਚ

...ਪੰਨਾ 1 ਦਾ ਬਾਕੀ




ਮਕਾਨਾਂ ਦੀ ਮੌਰਗੇਜ ਵਿਆਜ਼ ਦਰ ਵੱਧ ਕੇ 4.10% ਹੋ ਗਈ ਹੈ। ਸਕੋਸ਼ੀਆ ਬੈਂਕ ਵੱਲੋਂ ਵੀ ਆਪਣੀਆਂ ਵਧੀਆਂ ਦਰਾਂ ਐਲਾਨੇ ਜਾਣ ਦੀ ਉਮੀਦ ਹੈ। ਨਵੀਆਂ ਦਰਾਂ ਵੀਰਵਾਰ ਸਵੇਰ ਤੋਂ ਲਾਗੂ ਹੋਣ ਜਾਣਗੀਆਂ।

ਬੈਂਕ ਆਫ਼ ਕੈਨੇਡਾ ਪਿਛਲੇ ਨੇ ਕਈ ਸਾਲਾਂ ਤੋਂ ਆਰਥਕਤਾ ਦੇ ਕਮਜ਼ੋਰ ਚੱਲਣ ਕਾਰਣ ਵਿਆਜ਼ ਦਰਾਂ ਨੂੰ ਬਹੁਤਾ ਨਹੀਂ ਸੀ ਛੇੜਿਆ। ਪਰ ਹਾਲ ਵਿੱਚ ਹੀ ਦਸਤਖ਼ਤ ਕੀਤੇ ਨਾਫਟਾ (ਯੂ ਐਸ ਐਮ ਸੀ ਏ) ਅਤੇ ਆਰਥਕਤਾ ਨੂੰ ਮਿਲੇ ਹੁਲਾਰੇ ਦੀ ਬਦੌਲਤ ਵਿਆਜ਼ ਦਰਾਂ ਵਧਾ ਕੇ ਬੈਂਕ ਆਫ ਕੈਨੇਡਾ ਨੇ ਆਮ ਕੈਨੇਡੀਅਨ ਨੂੰ ਹੱਥਾਂ ਪੈਰਾਂ ਦੀ ਪਾ ਦਿੱਤੀ ਹੈ। ਉਮੀਦ ਕੀਤੀ ਜਾਂਦੀ ਹੈ ਕਿ ਵਿਆਜ਼ ਦਰ ਵਿੱਚ ਵਾਧੇ ਕਾਰਣ ਔਸਤਨ ਕੈਨੇਡੀਅਨ ਪਰਿਵਾਰ ਸਾਲ ਵਿੱਚ 1715 ਡਾਲਰ ਵੱਧ ਵਿਆਜ਼ ਭਰੇਗਾ।

## ਸਕੋਸ਼ੀਆਬੈਂਕ ਵਾਟਰਫ਼ਰੰਟ ਮੈਰਾਥਨ ਦੌੜ ਵਿਚ ਦੌੜਾਕਾਂ ਦਾ ਆਇਆ ਹੜ੍ਹ



*** ਟੀ.ਪੀ.ਏ.ਆਰ. ਕਲੱਬ ਦੇ 65 ਮੈਂਬਰਾਂ ਨੇ ਲਿਆ ਹਿੱਸਾ * ਸੋਹਲ ਨੇ ਫੁੱਲ ਮੈਰਾਥਨ 3 ਘੰਟੇ 48 ਮਿੰਟ 21 ਸਕਿੰਟ ਵਿਚ ਲਾਕੇ ਬੋਸਟਨ ਮੈਰਾਥਨ ਲਈ ਕੁਆਲੀਫ਼ਾਈ ਕੀਤਾ**

ਬਰੈਂਪਟਨ, (ਡਾ. ਝੰਡ) -ਹਰ ਸਾਲ ਅਕਤੂਬਰ ਮਹੀਨੇ ਹੋਣ ਵਾਲੀ ਟੋਰਾਂਟੋ ਡਾਊਨ ਟਾਊਨ ਵਿਚ ਹੋਣ ਵਾਲੀ ਸਕੋਸ਼ੀਆਬੈਂਕ ਵਾਟਰਫ਼ਰੰਟ ਮੈਰਾਥਨ ਦੌੜ ਨਿਰਾ ਜੀ.ਟੀ.ਏ. ਨਿਵਾਸੀਆਂ ਲਈ ਹੀ ਨਹੀਂ, ਸਗੋਂ ਇਹ ਦੂਰ-ਦੂਰ ਤੋਂ ਇਸ ਵਿਚ ਸ਼ਾਮਲ ਹੋਣ ਵਾਲਿਆਂ ਲਈ ਵੀ ਵੱਡੀ ਖਿੱਚ ਦਾ ਕਾਰਨ ਬਣਦੀ ਹੈ। ਹਜ਼ਾਰਾਂ ਦੀ ਗਿਣਤੀ ਵਿਚ 42 ਕਿਲੋਮੀਟਰ ਫੁੱਲ-ਮੈਰਾਥਨ ਅਤੇ 21 ਕਿਲੋਮੀਟਰ ਹਾਫ਼-ਮੈਰਾਥਨ ਲਾਉਣ ਵਾਲੇ ਲੰਮੀ ਦੌੜ ਦੇ ਦੌੜਾਕਾਂ ਤੋਂ ਇਲਾਵਾ ਬਹੁਤ ਸਾਰੇ ਹੋਰ ਹਜ਼ਾਰਾਂ ਦੀ ਗਿਣਤੀ ਵਿਚ ਇਸ ਵਿਚ 5 ਕਿਲੋਮੀਟਰ ਦੀ ਸ਼ੁਗਲੀਆ ਦੌੜ ਲਗਾਉਂਦੇ ਹਨ। ਪ੍ਰਬੰਧਕਾਂ ਅਨੁਸਾਰ ਇਸ ਸਾਲ ਇਸ ਦੌੜ ਵਿਚ ਸ਼ਾਮਲ ਹੋਣ ਲਈ 70 ਦੇਸ਼ਾਂ ਤੋਂ 26,000 ਤੋਂ ਵਧੇਰੇ ਲੋਕਾਂ ਨੇ ਇਸ ਦੇ ਲਈ ਬਾ-ਕਾਇਦਾ ਆਨ-ਲਾਈਨ ਰਜਿਸਟ੍ਰੇਸ਼ਨ ਕਰਵਾਈ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਹੋਰ ਇਸ ਤੋਂ ਬਿਨਾਂ ਵੀ ਇਸ ਵਿਚ ਸ਼ਾਮਲ ਹੋਏ।

ਪਿਛਲੇ ਕਈ ਸਾਲਾਂ ਵਾਂਗ ਇਸ ਵਾਰ ਟੀ.ਪੀ.ਏ.ਆਰ. ਕਲੱਬ ਦੇ 65 ਮੈਂਬਰਾਂ ਨੇ ਵਿਚ ਇਸ ਈਵੈਂਟ ਵਿਚ ਬੜੇ ਉਤਸ਼ਾਹ ਨਾਲ ਹਿੱਸਾ ਲਿਆ। 'ਏਅਰਫ਼ਲਾਈਟ ਸਰਵਿਸਿਜ਼' ਜੋ ਇਸ ਮੈਰਾਥਨ ਦੌੜ ਦੇ ਸਪਾਂਸਰਾਂ ਵਿੱਚੋਂ ਇਕ ਹੈ, ਵੱਲੋਂ ਕਲੱਬ ਨੂੰ ਮੁਹੱਈਆ ਕੀਤੀਆਂ ਗਈਆਂ ਨੀਲੀਆਂ ਟੀ-ਸ਼ਰਟਾਂ ਅਤੇ ਕੇਸਰੀ ਦਸਤਾਰਾਂ ਪਹਿਨੀ ਉਹ ਸਵੇਰੇ 6.30 ਵਜੇ ਏਅਰਪੋਰਟ ਰੋਡ ਤੇ ਬੋਵੇਰਡ ਦੇ ਇੰਟਰਸੈੱਕਸ਼ਨ ਨੇੜਲੇ ਪਲਾਜ਼ੇ ਦੀ ਪਾਰਕਿੰਗ ਵਿਚ ਇਕੱਠੇ ਹੋ ਗਏ ਅਤੇ ਇਕ ਸਕੂਲ ਬੱਸ ਵਿਚ ਸਵਾਰ ਹੋ ਕੇ ਡਾਊਨਟਾਊਨ ਲਈ ਰਵਾਨਾ ਹੋਏ। ਰਸਤੇ ਵਿਚ ਹਲਕੇ ਬਰੇਕਫ਼ਾਸਟ ਲਈ ਉਹ ਕੁਝ ਸਮੇਂ ਲਈ ਮਨਜੀਤ ਸਿੰਘ ਦੇ ਘਰ ਵਿਖੇ ਰੁਕੇ। ਕਈ ਮੈਂਬਰ ਆਪੋ ਆਪਣੇ ਸਾਧਨਾਂ ਰਾਹੀਂ ਸਿੱਧੇ ਹੀ ਡਾਊਨਟਾਊਨ ਪਹੁੰਚੇ।

ਪ੍ਰਬੰਧਕਾਂ ਵੱਲੋਂ ਡਾਊਨਟਾਊਨ ਵਿਖੇ ਯੂਨੀਵਰਸਿਟੀ ਐਵੀਨਿਊ ਤੇ ਕੁਈਨ ਵੈੱਸਟ ਇੰਟਰਸੈੱਕਸ਼ਨ ਦੇ ਨੇੜੇ ਇਸ ਮਹਾਨ ਈਵੈਂਟ ਦਾ ਸ਼ਾਨਦਾਰ ਸਟਾਰਟਿੰਗ-ਪੁਆਇੰਟ ਬਣਾਇਆ ਗਿਆ ਸੀ। ਇਸ ਦੌੜ ਵਿਚ ਸ਼ਾਮਲ ਹੋਣ ਵਾਲੇ ਦੌੜਾਕ ਸਵੇਰੇ ਅੱਠ ਵਜੇ ਹੀ ਯੂਨੀਵਰਸਿਟੀ ਐਵੀਨਿਊ ਉੱਪਰ ਇਕੱਠੇ ਹੋਣੇ ਸ਼ੁਰੂ ਹੋ ਗਏ ਅਤੇ ਇਸ ਈਵੈਂਟ ਲਈ ਪਹਿਲਾਂ ਤੋਂ ਹੋਈ ਔਨ-ਲਾਈਨ ਰਜਿਸਟ੍ਰੇਸ਼ਨ ਅਨੁਸਾਰ ਦੌੜਨ ਵਾਲੇ ਆਪੋ-ਆਪਣੇ ਗਰੁਪਾਂ ਲਈ ਨਿਸ਼ਚਤ ਹੋਈਆਂ ਥਾਵਾਂ ਉੱਪਰ ਖੜੇ ਹੋ ਗਏ ਜਿਨ੍ਹਾਂ ਦਾ ਲਾਲ, ਨੀਲੇ ਪੀਲੇ, ਹਰੇ ਅਤੇ ਜਾਮਨੀ ਰੰਗਾਂ ਦੇ ਝੰਡਿਆਂ ਨਾਲ ਵੱਖਰੇਵਾਂ ਕੀਤਾ ਗਿਆ ਸੀ। ਪਹਿਲਾਂ ਹੀ ਨਿਸਚਿਤ ਹੋਏ ਪ੍ਰੋਗਰਾਮ ਅਨੁਸਾਰ ਫੁੱਲ ਮੈਰਾਥਨ ਦਾ ਪਹਿਲਾ ਗਰੁੱਪ ਸਵੇਰੇ 8-45 ਵਜੇ ਰਵਾਨਾ ਕੀਤਾ ਗਿਆ ਅਤੇ ਇਸ ਤੋਂ ਬਾਅਦ 5-5 ਮਿੰਟਾਂ ਦੇ ਵਕਫ਼ੇ ਨਾਲ ਬਾਕੀ ਗਰੁੱਪਾਂ ਨੂੰ ਹਰੀ ਝੰਡੀ ਦਿੱਤੀ ਗਈ। ਹਰੇਕ ਗਰੁੱਪ ਦੇ ਸਟਾਰਟ ਹੋਣ ਸਮੇਂ ਸਾਇਰਨ ਵੱਜਦਿਆਂ ਹੀ ਉਸ ਗਰੁੱਪ ਨਾਲ ਸਬੰਧਿਤ ਰੰਗਾਂ ਲਾਲ, ਪੀਲੇ, ਨੀਲੇ, ਹਰੇ ਤੇ ਜਾਮਨੀ ਫੁੱਲ-ਪੱਤੀਆਂ ਦੀ ਮਸ਼ੀਨੀ-ਵਰਖਾ ਕੀਤੀ ਗਈ ਜੋ ਬੜਾ ਮਨ-ਮੋਹਕ ਦ੍ਰਿਸ਼ ਪੇਸ਼ ਕਰ ਰਹੀ ਸੀ।

ਫੁੱਲ ਮੈਰਾਥਨ ਦੇ ਦੁਨੀਆਂ ਸੱਭ ਤੋਂ ਤੇਜ਼ ਅਫ਼ਰੀਕੀ-ਮੂਲ ਦੇ ਦੌੜਾਕਾਂ ਕਿਪਰੂਟੋ ਬੈਂਨਸਨ, ਸੁਲੇ ਅਗਸਟੀਨੋ ਅਤੇ ਕੈਂਡੀ ਫ਼ੈਲਿਕਸ ਇਹ ਦੌੜ ਕ੍ਰਮਵਾਰ 2 ਘੰਟੇ, 7 ਮਿੰਟ, 24 ਸਕਿੰਟ, 2 ਘੰਟੇ 7 ਮਿੰਟ 46 ਸਕਿੰਟ ਅਤੇ 2 ਘੰਟੇ 8 ਮਿੰਟ ਅਤੇ 30 ਸਕਿੰਟ ਵਿਚ ਸਮਾਪਤ ਕਰਕੇ ਪਹਿਲੇ, ਦੂਸਰੇ ਅਤੇ ਤੀਸਰੇ ਨੰਬਰ 'ਤੇ ਰਹੇ, ਜਦ ਕਿ ਪੰਜਾਬੀ ਕਮਿਊਨਿਟੀ ਅਤੇ ਟੀ.ਪੀ.ਏ.ਆਰ.ਕਲੱਬ ਦੇ ਮੈਂਬਰਾਂ ਲਈ ਇਹ ਬੜੀ ਖ਼ੁਸ਼ੀ ਦੀ ਗੱਲ ਹੈ ਕਿ ਇਸ ਕਲੱਬ ਦੇ ਮੈਂਬਰ ਧਿਆਨ ਸਿੰਘ ਸੋਹਲ ਨੇ ਇਹ ਦੌੜ 3 ਘੰਟੇ 48 ਮਿੰਟ ਅਤੇ 21 ਸਕਿੰਟ ਵਿਚ ਸਫ਼ਲਤਾ-ਪੂਰਵਕ ਪੂਰੀ ਕਰਕੇ ਅਮਰੀਕਾ ਦੇ ਸ਼ਹਿਰ ਬੋਸਟਨ ਵਿਚ ਹੋਣ ਵਾਲੀ ਮੈਰਾਥਨ ਦੌੜ ਵਿਚ ਸ਼ਾਮਲ ਹੋਣ ਲਈ ਆਪਣੀ ਥਾਂ ਪੱਕੀ ਕਰ ਲਈ ਹੈ।

ਏਸੇ ਤਰ੍ਹਾਂ 21 ਕਿਲੋਮੀਟਰ ਹਾਫ਼-ਮੈਰਾਥਨ ਵਿਚ ਵੀ ਅਫ਼ਰੀਕੀ ਮੂਲ ਦੇ ਦੌੜਾਕਾਂ ਵਿੱਲ ਨੌਰਿਸ, ਕ੍ਰਿਸ ਬੇਟਸਟਰਿਨੀ ਅਤੇ ਲੀ ਵੈਸੀਲੀਅਸ ਦੀ ਝੰਡੀ ਰਹੀ ਜਿਨ੍ਹਾਂ ਨੇ ਇਹ ਦੌੜ ਕ੍ਰਮਵਾਰ 1 ਘੰਟਾ 5 ਮਿੰਟ 30 ਸਕਿੰਟ, 1-05-46 ਅਤੇ 1-07-20 ਵਿਚ ਲਗਾਈ। ਟੀ.ਪੀ.ਏ.ਆਰ. ਕਲੱਬ ਦੇ ਬਾਕੀ ਮੈਂਬਰ 21 ਕਿਲੋਮੀਟਰ ਹਾਫ਼-ਮੈਰਾਥਨ ਲਈ ਦੌੜੇ ਅਤੇ ਉਨ੍ਹਾਂ ਵਿੱਚੋਂ ਨਿਰਮਲ ਗਿੱਲ ਨੇ ਇਹ ਦੌੜ 2 ਘੰਟੇ 2 ਮਿੰਟ, ਕੁਲਦੀਪ ਗਿੱਲ ਨੇ 2 ਘੰਟੇ 4 ਮਿੰਟ, ਤੇ ਧਰਮ ਸਿੰਘ ਨੇ 2 ਘੰਟੇ 6 ਮਿੰਟ, ਗੁਰਜੀਤ ਲੋਟੇ ਨੇ 2 ਘੰਟੇ 8 ਮਿੰਟ, ਬਲਦੇਵ ਰਹਿਪਾ ਨੇ 2 ਘੰਟੇ 11 ਮਿੰਟ, ਜਸਵੀਰ ਪਾਸੀ ਤੇ ਮਹਿੰਦਰ ਘੋਮਾਣ ਨੇ 2 ਘੰਟੇ 18 ਮਿੰਟ, ਬਲਕਾਰ ਸਿੰਘ ਹੇਅਰ ਨੇ 2 ਘੰਟੇ 36 ਮਿੰਟ, ਗੁਰਮੇਜ ਰਾਏ ਨੇ 2 ਘੰਟੇ 41 ਮਿੰਟ ਦਾ ਸਮਾਂ ਲਿਆ ਅਤੇ ਕੇਸਰ ਸਿੰਘ ਬੜੈਚ ਨੇ ਇਹ 2 ਘੰਟੇ 44 ਮਿੰਟ ਵਿਚ ਸਮਾਪਤ ਕੀਤੀ।

ਇਸ ਤਰ੍ਹਾਂ ਗੁਰਮੇਜ ਰਾਏ ਅਤੇ ਕੇਸਰ ਬੜੈਚ ਨੇ ਜਿੱਥੇ ਆਪਣੇ ਪਿਛਲੇ ਰਿਕਾਰਡ ਵਿਚ ਕ੍ਰਮਵਾਰ 15 ਮਿੰਟ ਅਤੇ 2 ਮਿੰਟ ਦਾ ਸੁਧਾਰ ਕੀਤਾ, ਉੱਥੇ ਉਹ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਨਾਲ ਲਗਾਈ ਸ਼ਰਤ ਜਿੱਤਣ ਵਿਚ ਅਸਫ਼ਲ ਰਹੇ। ਇਸ ਦੌੜ ਵਿਚ ਭਾਗ ਲੈਣ ਵਾਲੀ ਇਕੋ-ਇਕ ਕਲੱਬ ਦੀ ਇੱਕ ਮਹਿਲਾ ਦੌੜਾਕ ਪ੍ਰਦੀਪ ਪਾਸੀ ਵੱਲੋਂ ਇਹ 2 ਘੰਟੇ 27 ਮਿੰਟ ਵਿਚ ਪੂਰੀ ਕਰਕੇ ਆਪਣੇ ਪਿਛਲੇ ਸਮੇਂ ਵਿਚ 6 ਮਿੰਟਾਂ ਦਾ ਸੁਧਾਰ ਕੀਤਾ ਗਿਆ। ਕਲੱਬ ਦੀ ਇਕ ਹੋਰ ਮੈਂਬਰ ਨਰਿੰਦਰ ਕੌਰ ਹੇਅਰ ਨੇ ਪੰਜ ਕਿਲੋਮੀਟਰ ਸ਼ੁਗਲੀਆ ਦੌੜ ਵਿਚ ਹਿੱਸਾ ਲਿਆ। ਬਲਕਾਰ ਸਿੰਘ ਖਾਲਸਾ ਜਿਨ੍ਹਾਂ ਨੇ ਇਹ ਦੌੜ 2 ਘੰਟੇ 36 ਮਿੰਟਾਂ ਵਿਚ ਸੰਪੰਨ ਕੀਤੀ, ਨੇ ਇਸ ਦੇ ਬਾਰੇ ਦੱਸਦਿਆਂ ਕਿਹਾ ਕਿ ਉਹ ਆਪਣੀ ਇਹ ਹਾਫ਼-ਮੈਰਾਥਨ ਦੌੜ ਖਾਲਿਸਤਾਨੀ ਸ਼ਹੀਦਾਂ ਅਤੇ ਬਰਗਾੜੀ ਮੋਰਚੇ ਦੇ ਸ਼ਹੀਦਾਂ ਨੂੰ ਸਮੱਰਪਿਤ ਕਰਦੇ ਹਨ।

## ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਾ ਮਿਲੀਆਂ ਤਾਂ ਹਾਲਾਤ ਖਰਾਬ ਹੋ ਸਕਦੇ ਨੇ : ਮਾਨ


ਫਿਰੋਜ਼ਪੁਰ, 24 ਅਕਤੂਬਰ (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਮੰਗ ਕੀਤੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੀ ਬੇਅਦਬੀ ਕਰਨ ਤੇ ਕਰਾਉਣ ਵਾਲਿਆਂ ਨੂੰ ਜਲਦੀ ਗ੍ਰਿਫਤਾਰ ਕਰ ਕੇ ਸਜ਼ਾਵਾਂ ਦਿਵਾਈਆਂ ਜਾਣ, ਨਹੀਂ ਤਾਂ ਹਾਲਾਤ ਖਰਾਬ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਦਾ ਖੁਲਾਸਾ ਹੋਣ ਤੋਂ ਬਾਅਦ ਪੰਜਾਬ ਸਰਕਾਰ ਜਾਣਬੁੱਝ ਕੇ ਦੋਸ਼ੀਆਂ ਨੂੰ ਫੜ ਨਹੀਂ ਰਹੀ ਤੇ ਸੰਕਟ ਦਾ ਰਾਹ ਖੋਲ੍ਹ ਰਹੀ ਹੈ।


ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਜੇ ਸਰਕਾਰ ਨੇ ਦੋਸ਼ੀਆਂ ਨੂੰ ਫੜ ਕੇ ਉਨ੍ਹਾਂ ਨੂੰ ਸਜ਼ਾਵਾਂ ਨਹੀਂ ਦਿਵਾਈਆਂ ਤਾਂ ਇਸ ਦੇ ਭਿਆਨਕ ਨਤੀਜੇ ਨਿਕਲਣਗੇ, ਕਿਉਂਕਿ ਇਸ ਘਟਨਾ ਨਾਲ ਦੇਸ਼-ਵਿਦੇਸ਼ ਵਿਚਲੇ ਸਿੱਖਾਂ ਵਿੱਚ ਰੋਸ ਵਧੀ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਹਾਲਾਤ ਖਰਾਬ ਨਾ ਹੋਣ, ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਬਰਗਾੜੀ ਤੇ ਬਹਿਬਲ ਕਲਾਂ ਕੇਸ ਦੇ ਦੋਸ਼ੀਆਂ ਨੂੰ ਬਿਨਾਂ ਦੇਰੀ ਦੇ ਗ੍ਰਿਫਤਾਰ ਕਰੇ ਅਤੇ ਸਜ਼ਾਵਾਂ ਦਿਵਾਵੇ।










# ਕੈਨੇਡਾ ਦੀ ਪੱਤਝੜ: ਰੰਗਾਂ ਦੀ ਲੀਲ੍ਹਾ



-ਪ੍ਰਿੰ. ਸਰਵਣ ਸਿੰਘ-

ਕੈਨੇਡਾ ਦੀ ਪੱਤਝੜ ਦੇ ਵੀ ਕਿਆ ਕਹਿਣੇ! ਇਸ ਰੁੱਤੇ ਰੰਗਾਂ ਦੀ ਛਹਿਬਰ ਲੱਗ ਜਾਂਦੀ ਹੈ। ਕੁਦਰਤ ਦੀ ਅਦਭੁੱਤ ਲੀਲ੍ਹਾ ਹੁੰਦੀ ਹੈ ਇਹ! ਬਹਾਰ ਦਾ ਆਪਣਾ ਨਜ਼ਾਰਾ ਹੁੰਦੈ ਪਰ ਕੈਨੇਡਾ ਦੀ ਪਤਝੜ ਬਹਾਰ ਦੇ ਰੰਗਾਂ ਨੂੰ ਵੀ ਮਾਤ ਪਾ ਦਿੰਦੀ ਹੈ। ਹਰ ਰੰਗ ਚੜ੍ਹਦੇ ਤੋਂ ਚੜ੍ਹਦਾ ਹੁੰਦੈ। ਮੈਂ ਸ਼ਾਮਾਂ ਨੂੰ ਛਿਪਦੇ ਸੂਰਜ ਦੀ ਲਾਲੀ ਵਿਚ ਪਾਰਕਾਂ ਤੇ ਰੱਖਾਂ ਦੀਆਂ ਪਹੀਆਂ ਉਤੇ ਸੈਰਾਂ ਕਰਦਾ ਹਾਂ ਤਾਂ ਰੁੱਖਾਂ/ਝਾੜੀਆਂ ਉਤੇ ਰੰਗਾਂ ਦੀ ਰਚੀ ਅਪਾਰ ਲੀਲ੍ਹਾ ਵੇਖਦਾ ਹਾਂ। ਅਨੇਕਾਂ ਰੰਗ ਹੁੰਦੇ ਹਨ ਪੱਤਿਆਂ, ਝਾੜੀਆਂ, ਫਲਾਂ-ਫੁੱਲਾਂ, ਘਾਹ, ਰੁੱਖਾਂ ਬੂਟਿਆਂ ਤੇ ਆਲੇ ਦੁਆਲੇ ਰੰਗ ਵਟਾ ਰਹੀ ਬਨਸਪਤੀ ਦੇ। ਹੈਰਾਨੀ ਹੁੰਦੀ ਹੈ ਏਨੇ ਰੰਗ! ਖੜ੍ਹ ਖੜ੍ਹ ਵੇਖੀਦੈ ਤੇ ਵੇਖ ਵੇਖ ਤੁਰੀਦੈ। ਖਿੜਨ ਵੇਲੇ ਤਾਂ ਰੰਗਾਂ ਨੇ ਟਹਿਕਣਾ ਹੀ ਹੋਇਆ, ਇਹ ਤਾਂ ਮੁਰਝਾਉਣ ਲੱਗੇ ਵੀ ਟਹਿਕਦੇ ਨੇ!

ਧਰਤੀ ਦੇ ਰੰਗ ਵੇਖਦਿਆਂ ਨਿਗ੍ਹਾ ਉਪਰ ਅੰਬਰ ਵੱਲ ਵੀ ਉਠ ਜਾਂਦੀ ਹੈ। ਅਸਮਾਨ 'ਚ ਤੈਰਦੀਆਂ ਤਿੱਤਰ ਖੰਭੀਆਂ ਬੱਦਲੀਆਂ ਕਦੇ ਬੱਗੀਆਂ, ਕਦੇ ਕਾਲੀਆਂ ਤੇ ਕਦੇ ਸਾਂਵਲੀਆਂ ਹੋ ਜਾਂਦੀਆਂ ਹਨ। ਕਦੇ ਸੂਰਜ ਦੀ ਲਿਸ਼ਕੋਰ ਵਿਚ ਸੰਤਰੀ ਭਾਅ ਮਾਰਦੀਆਂ ਹਨ। ਲੱਗਦੈ ਜਿਵੇਂ ਬੱਦਲੀਆਂ ਦੀਆਂ ਕੰਨੀਆਂ ਨੂੰ ਗੁਲਾਨਾਰੀ ਗੋਟਾ ਕਿਨਾਰੀ ਲੱਗੀ ਹੋਵੇ। ਜਿਵੇਂ ਸੁਹੱਪਣ ਦੀਆਂ ਮਤਾਬੀਆਂ ਜਗ ਰਹੀਆਂ ਹੋਣ। ਉਡਦੇ ਪੰਖੇਰੀਆਂ ਦੇ ਖੰਭ ਪਲ ਪਲ ਰੰਗ ਵਟਾਉਂਦੇ ਜਾਂਦੇ ਹਨ। ਕਦੇ ਕਾਲੇ, ਕਦੇ ਚਿੱਟੇ, ਕਦੇ ਕੇਸਰੀ ਤੇ ਕਦੇ ਕਪਾਹੀ ਦਿਸਦੇ ਹਨ। ਕਦੇ ਉੱਘੜਵੇਂ, ਕਦੇ ਮਾਂਦੇ, ਕਦੇ ਨਿੱਖਰੇ ਤੇ ਕਦੇ ਘਸਮੈਲੇ। ਹੇਠਾਂ ਰੁੱਖਾਂ ਤੇ ਵੇਲਾਂ 'ਤੇ ਰੰਗ ਖੇਡਦੇ ਹਨ, ਉਤੇ ਬੱਦਲਾਂ ਤੇ ਪੰਛੀਆਂ ਦੇ ਖੰਭਾਂ 'ਤੇ ਕਲੋਲਾਂ ਕਰਦੇ ਹਨ। ਸੁਭਾਨ ਤੇਰੀ ਕੁਦਰਤ!

ਮੈਨੂੰ ਪੰਜਾਬ ਦੇ ਧਰਤ ਦ੍ਰਿਸ਼ ਯਾਦ ਆਉਣ ਲਗਦੇ ਹਨ। ਮੈਂ ਪੰਜਾਬ ਦੀਆਂ ਰੁੱਤਾਂ ਵੇਖਦਾ ਹੀ ਵੱਡਾ ਹੋਇਆਂ। ਰੰਗ ਵਟਾਉਂਦੀ ਪ੍ਰਕਿਰਤੀ ਮੈਨੂੰ ਹਮੇਸ਼ਾਂ ਸਰਸ਼ਾਰ ਕਰਦੀ ਰਹੀ ਹੈ। ਪੰਜਾਬ ਦੀਆਂ ਪੈਲੀਆਂ ਦੇ ਰੰਗ ਵੀ ਕਮਾਲ ਦੇ ਨੇ। ਦੂਰ ਦਿਸਹੱਦਿਆਂ ਤਕ ਝੋਨਿਆਂ ਦੀ ਹਰਿਆਵਲ ਦਾ ਲਹਿਲਹਾਉਣਾ, ਬੰਬੀਆਂ ਦੀਆਂ ਚਾਂਦੀਰੰਗੀਆਂ ਧਾਰਾਂ ਦਾ ਵਹਿਣਾ, ਚਰ੍ਹੀਆਂ ਦੀ ਕਸੈਲੀ ਵਾਸ਼ਨਾ, ਬਾਜਰੇ ਦੇ ਗੁੰਦਵੇਂ ਸਿੱਟੇ, ਮੱਕੀਆਂ ਦੇ ਬੁੰਬਲਦਾਰ ਬਾਵ੍ਹ, ਹਰੇ ਭਰੇ ਲੂਸਣ, ਗਿੱਲੀ ਮਿੱਟੀ ਦੀ ਮਹਿਕ, ਸੁਨਹਿਰੀ ਕਣਕਾਂ ਦਾ ਝੂੰਮਣਾ ਤੇ ਸੂਰਜਮੁਖੀ ਦੇ ਫੁੱਲਾਂ ਦਾ ਦਗਦੇ ਗੇਰੂਆ ਰੰਗਾਂ ਨਾਲ ਮੂੰਹ ਵਿਖਾਉਣਾ ਕਦੇ ਨਹੀਂ ਭੁੱਲਦਾ। ਸਰਵ੍ਹਾਂ ਦੇ ਪੀਲੇ ਫੁੱਲਾਂ ਦੀ ਬਹਾਰ ਦਾ ਆਪਣਾ ਰੰਗ ਹੈ ਤੇ ਤਿਲਾਂ ਦੇ ਚਿੱਟੇ ਤੇ ਅਲਸੀ ਦੇ ਅਲਸਾਏ ਫੁੱਲਾਂ ਦਾ ਆਪਣਾ। ਤਦੇ ਤਾਂ ਲੋਕ ਗੀਤ ਜੁੜਿਆ, ਨਣਦ ਚੱਲੀ ਮੁਕਲਾਵੇ ਅਲਸੀ ਦੇ ਫੁੱਲ ਵਰਗੀ। ਮੈਂ ਵੀ ਕਦੇ ਸਿਰੇ ਦੇ ਸ਼ੌਂਕੀ ਅਥਲੀਟ ਮਹਿੰਦਰ ਸਿੰਘ ਗਿੱਲ ਦੇ ਰੇਖਾ ਚਿੱਤਰ ਦਾ ਨਾਂ ਅਲਸੀ ਦਾ ਫੁੱਲ ਹੀ ਰੱਖਿਆ ਸੀ।

ਮੈਨੂੰ ਉਹ ਦ੍ਰਿਸ਼ ਮੁੜ ਮੁੜ ਦਿਖਾਈ ਦਿੰਦੇ ਨੇ ਜਦੋਂ ਟਿੱਬਿਆਂ ਤੋਂ ਦੀ ਛਿਪਦਾ ਸੂਹਾ ਸੂਰਜ ਕਿਸੇ ਕਾਲੀ ਕਿੱਕਰ ਦੇ ਦੁਸਾਂਗ ਉਤੇ ਠੋਡੀ ਰੱਖ ਕੇ ਝਾਤ ਕਰਦਾ ਤੇ ਸਵੇਰਸਾਰ ਸੁਨਹਿਰੀ ਕਿਰਨਾਂ ਦਾ ਛੱਟਾ ਦਿੰਦਾ ਫਿਰ ਹਾਜ਼ਰ ਹੋ ਜਾਂਦਾ। ਉਹਦੀਆਂ ਲਿਸ਼ਕਦੀਆਂ ਕਿਰਨਾਂ ਵਿਚ ਕਣਕਾਂ ਦੇ ਹਰੇ ਕਚੂਰ ਪੱਤਿਆਂ ਨਾਲ ਲਟਕਦੇ ਤ੍ਰੇਲ ਤੁਪਕੇ ਅਨੇਕਾਂ ਰੰਗਾਂ 'ਚ ਚਮਕਦੇ। ਉਹ ਹੀਰੇ ਮੋਤੀ ਬਣ ਜਾਂਦੇ ਤੇ ਉਨ੍ਹਾਂ 'ਚ ਪਈਆਂ ਸੱਤਰੰਗੀਆਂ ਪੀਂਘਾਂ ਦੇ ਹੁਲਾਰੇ ਨੱਚਦੇ ਦਿਸਦੇ। ਨ੍ਹਾਤੇ ਧੋਤੇ ਪੱਤਿਆਂ 'ਤੇ ਮੋਰ ਦੀ ਧੌਣ ਤੇ ਕਲਗੀ ਵਰਗੀ ਸਾਵੀ-ਸੁਨਹਿਰੀ ਭਾਅ ਲਿਸ਼ਕਦੀ। ਲਵੀਆਂ ਕਣਕਾਂ ਤੋਤੇਰੰਗੀ ਸ਼ਨੀਲ ਦੀ ਭਾਅ ਮਾਰਦੀਆਂ। ਸੂਰਜ ਦੀ ਲਿਸ਼ਕੋਰ ਵਿਚ ਇਹ ਭਾਅ ਮੇਰੇ ਨਾਲ ਨਾਲ ਤੁਰੀ ਜਾਂਦੀ।

ਪੰਜਾਬ ਤੋਂ ਕੈਨੇਡਾ ਆ ਕੇ ਜਦੋਂ ਮੈਂ ਕੈਨੇਡਾ ਦੀ ਪਤਝੜ ਦੇ ਅਨੰਤ ਰੰਗ ਵੇਖਦਾ ਹਾਂ ਤਾਂ ਕੁਦਰਤ ਦੇ ਹੋਰ ਵੀ ਬਲਿਹਾਰੇ ਜਾਣ ਨੂੰ ਜੀਅ ਕਰਦੈ। ਬਾਬੇ ਦੀ ਬਾਣੀ ਵੀ ਕਹਿੰਦੀ ਹੈ- ਬਲਿਹਾਰੀ ਕੁਦਰਤ ਵੱਸਿਆ, ਤੇਰਾ ਅੰਤ ਨਾ ਜਾਈ ਲੱਖਿਆ। ਏਥੇ ਕਿਸੇ ਉੱਚੇ ਥਾਂ ਖੜ੍ਹ ਕੇ ਹੇਠਾਂ ਪਸਰੀਆਂ ਰੱਖਾਂ ਤੇ ਢਲਵਾਨਾਂ 'ਤੇ ਝਾਤੀ ਮਾਰਦਾ ਹਾਂ ਤਾਂ ਰੰਗਾਂ ਦੀ ਦਿਵਾਲੀ ਜਗਦੀ ਲੱਗਦੀ ਹੈ। ਅਨੇਕਾਂ ਰੰਗਾਂ ਦੀਆਂ ਫੁਲਝੜੀਆਂ ਚਲਦੀਆਂ ਮਲੂਮ ਹੁੰਦੀਆਂ ਹਨ। ਰੰਗਾਂ ਦੀ ਆਤਸ਼ਬਾਜ਼ੀ, ਉਪਰ ਆਕਾਸ਼ ਵਿਚ ਨਹੀਂ ਧਰਤੀ 'ਤੇ ਹੋ ਰਹੀ ਲੱਗਦੀ ਹੈ।

ਕਦੇ ਕਦੇ ਮੈਂ ਰੁੱਖਾਂ ਬੂਟਿਆਂ ਤੇ ਫੁੱਲਾਂ ਝਾੜੀਆਂ ਕੋਲ ਖੜ੍ਹ ਕੇ ਉਨ੍ਹਾਂ ਦੇ ਰੰਗ ਨਿਹਾਰਦਾ ਹੈਰਾਨ ਹੁੰਨਾਂ ਕਿ ਕੁਦਰਤ ਨੇ ਏਨੇ ਰੰਗ ਬਖਸ਼ੇ ਕਿਥੋਂ ਨੇ? ਕਿਹਾ ਜਾਂਦਾ ਹੈ ਕਿ ਕਾਲਾ, ਚਿੱਟਾ, ਹਰਾ, ਲਾਲ ਤੇ ਨੀਲਾ ਮੁੱਖ ਰੰਗ ਹਨ। ਓਲੰਪਿਕ ਖੇਡਾਂ ਦੇ ਝੰਡੇ 'ਤੇ ਵੀ ਇਨ੍ਹਾਂ ਰੰਗਾਂ ਦੇ ਹੀ ਚੱਕਰ ਪਰੋਏ ਹਨ। ਇਹ ਵੀ ਕਿਹਾ ਜਾਂਦੈ ਕਿ ਸਾਰੇ ਰੰਗ ਇਨ੍ਹਾਂ ਦੇ ਘੁਲਣ ਮਿਲਣ 'ਚੋਂ ਹੀ ਨਿਕਲੇ ਹਨ। ਤੇ ਉਹ ਏਨੇ ਰੰਗ ਬਣ ਗਏ ਹਨ ਕਿ ਗਿਣਤੀ ਹੀ ਕੋਈ ਨਹੀਂ। ਹਰ ਬੋਲੀ 'ਚ ਇਨ੍ਹਾਂ ਰੰਗਾਂ ਦੇ ਵੱਖ ਵੱਖ ਨਾਂ ਰੱਖੇ ਹੋਏ ਹਨ। ਪੰਜਾਬੀ ਭਾਸ਼ਾ ਵੀ ਕਿਸੇ ਤੋਂ ਘੱਟ ਨਹੀਂ।

ਸੈਰ ਕਰਦਾ ਮੈਂ ਵੇਖਦਾ ਹਾਂ ਕਿਸੇ ਪੱਤੇ/ਪੱਤੀ, ਫਲ/ਫੁੱਲ ਤੇ ਝਾੜ/ਝਾੜੀ ਦਾ ਰੰਗ ਸੁਰਮਈ ਹੈ, ਕਿਸੇ ਦਾ ਅੰਗੂਰੀ, ਕਿਸੇ ਦਾ ਅੰਬਰੀ ਤੇ ਕਿਸੇ ਦਾ ਕਥਈ। ਕੋਈ ਬਲੰਭਰੀ ਹੈ, ਕੋਈ ਦਾਲਚੀਨੀ, ਕੋਈ ਮੂੰਗੀਆ, ਕੋਈ ਫਿਰੋਜ਼ੀ ਤੇ ਕੋਈ ਅੰਡਰਈ। ਕਿਸੇ ਦਾ ਗੁਲਾਬਾਸੀ, ਕਿਸੇ ਦਾ ਰਾਣੀ ਕਲਰ, ਕਿਸੇ ਦਾ ਕਰੀਮ ਕਲਰ, ਕੋਈ ਕੱਚਾ ਪੀਲਾ, ਕੋਈ ਪੱਕਾ ਪੀਲਾ, ਕੋਈ ਸ਼ਬਨਮੀ, ਕੋਈ ਸੰਦਲੀ, ਕੋਈ ਲੂਸਣੀ, ਕੋਈ ਲਾਖਾ, ਕੋਈ ਸਾਵਾ, ਕੋਈ ਬੱਗਾ, ਕੋਈ ਬੂਰਾ, ਕੋਈ ਚਿਤਕਬਰਾ, ਕੋਈ ਮਟਮੈਲਾ ਤੇ ਕੋਈ ਅਰਬੀ। ਕਿਸੇ ਦਾ ਰੰਗ ਮੋਰਪੰਖੀਆ, ਕਿਸੇ ਦਾ ਗੁਲਮੋਹਰੀ, ਕਿਸੇ ਦਾ ਯਾਕੂਤੀ ਤੇ ਕਿਸੇ ਦਾ ਸ਼ਰਬਤੀ!

ਖਿਲਰੇ ਹੋਏ ਪੱਤਿਆਂ ਤੇ ਖਿੜੇ ਹੋਏ ਫੁੱਲਾਂ ਦੀਆਂ ਪੱਤੀਆਂ ਦੇ ਰੰਗ ਰਾਹ ਜਾਂਦਿਆਂ ਨੂੰ ਰੋਕਦੇ ਹਨ। ਕਿਤੇ ਗੂੜ੍ਹੇ ਰੰਗਾਂ ਦੇ ਪੱਕੇ ਫਲ ਦਿਸਦੇ ਹਨ ਤੇ ਕਿਤੇ ਹਲਕੇ ਰੰਗਾਂ ਦੇ ਕੱਚੇ ਫਲ। ਕਿਸੇ ਫਲ ਦਾ ਰੰਗ ਅਨਾਰੀ ਹੈ, ਕਿਸੇ ਦਾ ਬਦਾਮੀ, ਕਿਸੇ ਦਾ ਬਿਸਕੁਟੀ, ਕਿਸੇ ਦਾ ਗਾਜਰੀ ਤੇ ਕਿਸੇ ਦਾ ਸੰਤਰੀ। ਝਾੜੀਆਂ ਨੂੰ ਲੱਗੇ ਮਲ੍ਹਿਆਂ ਦੇ ਬੇਰਾਂ ਵਰਗੇ ਨਿੱਕੇ ਸੁਰਖ਼ ਫਲ ਖਾਣ ਨੂੰ ਜੀਅ ਕਰਦਾ ਹੈ। ਸੰਧੂਰੀ ਅੰਬੀਆਂ ਵਰਗੇ ਰੱਤੇ ਸੇਬ ਲੱਗੇ ਹੁੰਦੇ ਨੇ ਕਈ ਥਾਂਈਂ। ਕਦੇ ਕਦੇ ਤੋੜ ਵੀ ਬਹੀਦੈ। ਝਾੜੀਆਂ ਦੇ ਪੱਤੇ ਭਾਵੇਂ ਨਿੱਕੇ ਹੁੰਦੇ ਹਨ ਪਰ ਉਨ੍ਹਾਂ ਦੇ ਰੰਗਾਂ ਦਾ ਵੀ ਅੰਤ ਨਹੀਂ। ਟਾਹਣੀਓਂ ਟੁੱਟ ਕੇ ਤਾਂ ਉਹ ਹੋਰ ਵੀ ਰੰਗ ਵਟਾ ਲੈਂਦੇ ਹਨ। ਕਿਸੇ ਦਾ ਪੱਤੀ ਦਾ ਰੰਗ ਮੋਤੀਆ, ਕਿਸੇ ਦਾ ਬਡਮੋਤੀਆ, ਕਿਸੇ ਦਾ ਕੱਦੂਮੋਤੀਆ, ਕਿਸੇ ਦਾ ਕਪੂਰੀ, ਕਿਸੇ ਦਾ ਘਿਉਕਪੂਰੀ, ਕਿਸੇ ਦਾ ਪਿਆਜ਼ੀ ਤੇ ਕਿਸੇ ਦਾ ਹਵਾਪਿਆਜ਼ੀ। ਸ਼ਾਮ ਨੂੰ ਕਈ ਸੱਜਣ ਉਂਜ ਹੀ ਹਵਾਪਿਆਜ਼ੀ ਹੋਏ ਮਿਲਦੇ ਹਨ!



ਕੈਨੇਡਾ ਦਾ ਰਾਜਰੁੱਖ ਮੇਪਲ ਟ੍ਰੀ ਹੈ। ਮੇਪਲ ਦਾ ਪੱਤਾ ਕੈਨੇਡਾ ਦੇ ਰਾਸ਼ਟਰੀ ਝੰਡੇ 'ਤੇ ਅੰਕਿਤ ਹੈ। ਕੈਨੇਡਾ ਵਿਚ ਉਂਜ ਵੀ ਮੇਪਲ ਰੁੱਖਾਂ ਦੀ ਭਰਮਾਰ ਹੈ। ਰੁੱਖ ਭਾਵੇਂ ਕੋਈ ਵੀ ਹੈ ਪੱਤੇ ਉਹਦੇ ਮੇਪਲ ਵਰਗੇ ਹੀ ਲੱਗਦੇ ਹਨ। ਪੱਤਝੜ ਵਿਚ ਮੇਪਲ ਦੇ ਪੱਤੇ ਵੀ ਅਨੇਕਾਂ ਰੰਗ ਵਟਾਉਂਦੇ ਹਨ। ਮੇਪਲ ਜਦੋਂ ਹਰਿਆ ਭਰਿਆ ਹੋਵੇ ਤਾਂ ਤੋਤੇਰੰਗਾ ਹੁੰਦੈ ਜਿਨ੍ਹਾਂ 'ਚ ਤੋਤੇ ਲੁਕ ਵੀ ਸਕਦੇ ਨੇ। ਫਿਰ ਇਸ ਦੇ ਪੱਤੇ ਕਦੇ ਤਰਬੂਜ਼ੀਆ, ਕਦੇ ਊਦੇ, ਕਦੇ ਜਾਮਣੀ ਕਦੇ ਮਹਿੰਦੀਰੰਗੇ, ਕਦੇ ਫੀਮਰੰਗੇ ਤੇ ਕਦੇ ਲਾਜਵਰੀ ਰੰਗਾਂ 'ਚ ਰੰਗੇ ਜਾਂਦੇ ਨੇ। ਪੱਤਝੜ ਦੀ ਰੁੱਤ ਜਦੋਂ ਸ਼ੁਰੂ ਹੁੰਦੀ ਹੈ ਉਦੋਂ ਪੱਤੇ ਤੇ ਫੁੱਲ, ਰੁੱਖਾਂ ਤੇ ਬੂਟਿਆਂ ਉਤੇ ਹੀ ਰੰਗ ਵਟਾਉਂਦੇ ਰਹਿੰਦੇ ਹਨ। ਰੁੱਖ ਇੰਜ ਲੱਗਦੇ ਹਨ ਜਿਵੇਂ ਰੰਗ ਬਰੰਗੀਆਂ ਚੀਨੀ/ਜਪਾਨੀ ਛਤਰੀਆਂ ਤਾਣੀਆਂ ਹੋਣ। ਜਦੋਂ ਪਤਝੜ ਪੱਤੇ ਝਾੜਨ 'ਤੇ ਆਉਂਦੀ ਹੈ ਤਾਂ ਪੱਤੇ ਧਰਤੀ 'ਤੇ ਡਿੱਗ ਕੇ ਹੋਰ ਵੀ ਰੰਗ ਵਟਾਉਂਦੇ ਹਨ। ਧਰਤੀ 'ਤੇ ਡਿੱਗੇ ਪਏ ਪੱਤਿਆਂ ਤੇ ਫੁੱਲ ਪੱਤੀਆਂ 'ਤੇ ਝਾਤ ਮਾਰੀਏ ਤਾਂ ਇਉਂ ਲੱਗਦੇ ਜਿਵੇਂ ਰੰਗੀਨ ਫੁਲਕਾਰੀਆਂ ਵਿਛਾ ਰੱਖੀਆਂ ਹੋਣ। ਉਨ੍ਹਾਂ ਵਿਚ ਅਸਮਾਨੀ ਰੰਗ ਵੀ ਹੁੰਦੇ ਹਨ, ਸਰ੍ਹੋਂਫੁੱਲੇ ਵੀ, ਬੈਂਗਣੀ ਵੀ, ਗਿੱਦੜਰੰਗੇ ਵੀ ਤੇ ਘੁੱਗੀਰੰਗੇ ਵੀ। ਕਿਸੇ ਪੱਤੇ ਦਾ ਰੰਗ ਕਾਸ਼ਨੀ ਹੁੰਦੈ, ਕਿਸੇ ਦਾ ਭਗਵਾਂ, ਕਿਸੇ ਦਾ ਗੇਰੂਆ, ਕਿਸੇ ਦਾ ਗੁਲਾਨਾਰੀ, ਕਿਸੇ ਦਾ ਉਨਾਭੀ, ਕਿਸੇ ਦਾ ਜਾਮਣੀ, ਕਿਸੇ ਦਾ ਗੁਲਾਬੀ, ਕਿਸੇ ਦਾ ਕਬੂਤਰੀ ਤੇ ਕਿਸੇ ਦਾ ਕਿਰਮਚੀ।



ਇਕ ਦਿਨ ਬੱਦਲ ਛਾਏ ਹੋਏ ਸਨ। ਮੈਂ ਬਾਰੀ 'ਚੋਂ ਵੇਖਿਆ, ਅੰਬਰ ਸਲੇਟੀ ਤੇ ਸੁਰਮਈ ਹੋਇਆ ਪਿਆ ਸੀ। ਗੂੜ੍ਹੇ ਬੱਦਲਾਂ 'ਤੇ ਕਾਲੋਂ ਫਿਰੀ ਹੋਈ ਸੀ। ਫਿਰ ਬੱਦਲ ਖਿੰਡੇ ਤਾਂ ਚੁਫੇਰੇ ਚਿੱਟਾ ਚਾਨਣ ਹੀ ਚਾਨਣ ਹੋ ਗਿਆ। ਸੂਰਜ ਦੀਆਂ ਧੁਪੀਲੀਆਂ ਕਿਰਨਾਂ ਨਾਲ ਬਨਸਪਤੀ ਦੇ ਰੰਗ ਫਿਰ ਚਮਕ ਉਠੇ। ਪੌਣਾਂ ਵਿਚ ਵੀ ਜਿਵੇਂ ਮਹਿਕਾਂ ਘੁਲ ਗਈਆਂ ਹੋਣ। ਹਵਾ ਦੀ ਸਰਸਰਾਹਟ ਟੂਣੇਹਾਰੀ ਲੱਗੀ। ਲੱਗਾ ਜਿਵੇਂ ਪੌਣ ਬਾਰੀਆਂ 'ਚੋਂ ਬਣ ਠਣ ਕੇ ਲੰਘਦੀ ਹੋਵੇ। ਮੈਨੂੰ ਬਾਰੀ 'ਚੋਂ ਅੰਬਰ ਦੇ ਅਸਮਾਨੀ ਰੰਗ ਹੇਠਾਂ ਕਿਧਰੇ ਜੋਗੀਆ, ਕਿਧਰੇ ਅੰਬਰਸੀਆ, ਕਿਧਰੇ ਗਾਜਰੀ, ਕਿਧਰੇ ਲਸੂੜੀਆ, ਕਿਧਰੇ ਨਾਸ਼ਪਾਤੀ ਤੇ ਕਿਧਰੇ ਕਾਸ਼ਨੀ ਰੰਗਾਂ ਦੇ ਦਰਸ਼ਨ ਹੋਏ। ਸੁੱਕੀ ਭੋਇੰ ਦਾਖੀ ਤੇ ਖਾਕੀ ਜਿਹੀ ਦਿਸ ਰਹੀ ਸੀ। ਛੰਭ ਦਾ ਪਾਣੀ ਭਾਵੇਂ ਮਟਮੈਲਾ ਸੀ ਪਰ ਝੀਲ ਦਾ ਪਾਣੀ ਨੀਲਾ ਤੇ ਨਿਰਮਲ ਸੀ। ਫੁਹਾਰਿਆਂ ਵਿਚੋਂ ਚਾਂਦੀਰੰਗੇ, ਤਾਂਬੇਰੰਗੇ ਤੇ ਸੋਨਰੰਗੇ ਪਾਣੀ ਦੀਆਂ ਬੁਛਾੜਾਂ ਪੈ ਰਹੀਆਂ ਸਨ। ਧੁੱਪ ਗੋਰੀ ਗੋਰੀ ਸੀ ਤੇ ਛਾਂ ਸਾਂਵਲੀ ਸਾਂਵਲੀ। ਮਧਰੀਆਂ ਝਾੜੀਆਂ ਹਰੀਆਂ ਚੁੰਨੀਆਂ ਲਈ ਲੁਕੀਆਂ ਖੜ੍ਹੀਆਂ ਸਨ। ਪੱਤਿਆਂ 'ਚ ਟਹਿਕ ਸੀ ਤੇ ਫੁੱਲਾਂ 'ਚ ਮਹਿਕ। ਅਗੱਸਤ ਤੇ ਸਤੰਬਰ ਦੀ ਹੁੰਮਸ ਅਕਤੂਬਰ ਦੀ ਮੱਠੀ ਮੱਠੀ ਠਾਰੀ ਵਿਚ ਬਦਲ ਗਈ ਸੀ।

ਕੈਨੇਡਾ ਦੀਆਂ ਚਾਰ ਰੁੱਤਾਂ ਵਿਚ ਸਭ ਤੋਂ ਸਖ਼ਤ ਰੁੱਤ ਸਰਦੀ ਦੀ ਗਿਣੀ ਜਾਂਦੀ ਹੈ। ਉਦੋਂ ਟੋਰਾਂਟੋ ਵੱਲ ਬਰਫ਼ਾਂ ਪੈ ਜਾਂਦੀਆਂ ਹਨ। ਬਾਹਰ ਹੱਡ ਪੈਰ ਠਰਦੇ ਹਨ। ਉਦੋਂ ਬਾਰੀ ਤੋਂ ਬਾਹਰ ਬਰਫ਼ਾਂ ਦਾ ਸਫ਼ੈਦ ਰੰਗ ਦਿਸਦਾ ਹੈ ਜਾਂ ਸੁੱਕੇ ਰੁੱਖਾਂ ਤੇ ਨੰਗੀਆਂ ਟਾਹਣੀਆਂ ਦਾ ਭੂਰਾ ਭੂਸਲਾ ਰੰਗ। ਉਦੋਂ ਰੰਗਾਂ ਦੀ ਵਿਲੱਖਣਤਾ ਨਹੀਂ ਹੁੰਦੀ। ਰੰਗਾਂ ਦਾ ਜਲੌਅ ਨਹੀਂ ਦਿਸਦਾ। ਰੰਗ ਬਹਾਰ ਦੀ ਰੁੱਤ ਵਿਚ ਉਗਮਦੇ ਹਨ। ਉਹੀ ਰੰਗ ਗਰਮੀਆਂ ਦੇ ਦਿਨਾਂ 'ਚ ਪੱਕਦੇ ਹਨ। ਬਹਾਰ ਸੋਹਣੀ ਹੈ ਤੇ ਗਰਮੀ ਸੁਖਾਵੀਂ। ਪਰ ਪਤਝੜ ਵੀ ਕਿਸੇ ਤੋਂ ਘੱਟ ਨਹੀਂ। ਤਦੇ ਤਾਂ ਸ਼ੁਰੂ 'ਚ ਕਿਹਾ ਸੀ ਕਿ ਕੈਨੇਡਾ ਦੀ ਪਤਝੜ ਦੇ ਕਿਆ ਕਹਿਣੇ। ਕਹਿਣ ਵਾਲਾ ਤਾਂ ਇਹ ਵੀ ਹੈ ਕਿ ਪੰਜਾਬੀ 'ਚ ਰੰਗਾਂ ਦੇ ਨਾਂ ਰੱਖਣ ਵਾਲਿਆਂ ਦੇ ਵੀ ਕਿਆ ਕਹਿਣੇ!

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਮਹੀਨਾਵਾਰ ਸਮਾਗ਼ਮ

## ਕੈਨੇਡਾ ਵਿਚ ਲਿਖੀ ਜਾ ਰਹੀ ਕਹਾਣੀ ਬਾਰੇ ਹੋਈ ਚਰਚਾ, ਕਵੀ-ਦਰਬਾਰ ਵੀ ਹੋਇਆ

ਬਰੈਂਪਟਨ, (ਡਾ. ਝੰਡ) -ਬੀਤੇ ਐਤਵਾਰ 21 ਅਕਤੂਬਰ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਐੱਫ਼.ਬੀ.ਆਈ. ਸਕੂਲ ਵਿਖੇ ਹੋਏ ਮਾਸਿਕ ਸਮਾਗ਼ਮ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਆਏ ਪ੍ਰੋ. ਬਲਦੇਵ ਸਿੰਘ ਧਾਲੀਵਾਲ ਵੱਲੋਂ ਕੈਨੇਡਾ ਵਿਚ ਲਿਖੀ ਜਾ ਰਹੀ ਕਹਾਣੀ ਬਾਰੇ ਵੱਡਮੁੱਲੇ ਵਿਚਾਰ ਪੇਸ਼ ਕੀਤੇ ਗਏ। ਇਸ ਮੌਕੇ ਪ੍ਰਧਾਨਗੀ-ਮੰਡਲ ਵਿਚ ਉਨ੍ਹਾਂ ਨਾਲ ਪ੍ਰਸਿੱਧ ਕਹਾਣੀਕਾਰ ਕੁਲਜੀਤ ਮਾਨ ਅਤੇ ਮਿੰਨੀ ਗਰੇਵਾਲ ਸ਼ਾਮਲ ਸਨ। ਸਮਾਗ਼ਮ ਦੇ ਆਰੰਭ ਵਿਚ ਪਿਛਲੇ ਦਿਨੀਂ ਵਿਛੋੜਾ ਦੇ ਗਏ ਕੈਨੇਡਾ ਦੇ ਉੱਘੇ ਕਵੀ ਗੁਰਚਰਨ ਰਾਮਪੁਰੀ ਦੇ ਅਕਾਲ-ਚਲਾਣੇ 'ਤੇ ਦੋ ਮਿੰਟ ਦਾ ਮੋਨ ਰੱਖ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਪ੍ਰੋ. ਬਲਦੇਵ ਸਿੰਘ ਧਾਲੀਵਾਲ ਅਤੇ ਸਮੂਹ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਗਿਆ। ਉਪਰੰਤ, ਕੁਲਜੀਤ ਮਾਨ ਨੇ ਪ੍ਰੋ. ਧਾਲੀਵਾਲ ਬਾਰੇ ਸੰਖੇਪ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ੍ਹਾਂ ਦੀ ਪੰਜਾਬੀ ਕਹਾਣੀ ਨਾਲ ਡੂੰਘੀ ਨੇੜਤਾ ਹੈ। ਉਹ ਇਕ ਵਧੀਆ ਕਹਾਣੀਕਾਰ ਹੋਣ ਦੇ ਨਾਲ ਨਾਲ ਸੰਜੀਦਾ ਕਹਾਣੀ ਆਲੋਚਕ ਹਨ ਅਤੇ ਪੁਸਤਕਾਂ ਅਤੇ ਮਿਆਰੀ ਰਿਸਾਲਿਆਂ ਵਿਚ ਹਰ ਸਾਲ ਛਪੀਆਂ ਕਹਾਣੀਆਂ ਦਾ ਖ਼ੂਬਸੂਰਤ ਲੇਖਾ-ਜੋਖਾ ਕਰਦੇ ਹਨ।

ਬਲਦੇਵ ਸਿੰਘ ਧਾਲੀਵਾਲ ਨੇ ਆਪਣੀ ਗੱਲ ਆਰੰਭ ਕਰਦਿਆਂ ਦੱਸਿਆ ਕਿ ਸ਼ਬਦ 'ਪ੍ਰਵਾਸੀ' ਦੀ ਵਰਤੋਂ ਵਿਦੇਸ਼ਾਂ ਵਿਚ ਰਹਿ ਰਹੇ ਸਾਹਿਤਕਾਰਾਂ ਦਾ ਹੋਰ ਸਾਹਿਤਕਾਰਾਂ ਨਾਲੋਂ ਵੱਖਰੇਵਾਂ ਕਰਨ ਲਈ ਕੀਤੀ ਜਾਂਦੀ ਹੈ ਅਤੇ ਇਹ ਕਿਸੇ ਵੀ ਤਰ੍ਹਾਂ ਉਨ੍ਹਾਂ ਨੂੰ ਛੁਟਿਆਉਣ ਲਈ ਨਹੀਂ ਹੈ। ਉਨ੍ਹਾਂ ਕਿਹਾ ਕਿ ਸ਼ੁਰੂ-ਸ਼ੁਰੂ ਵਿਚ ਵਿਦੇਸ਼ਾਂ ਵਿਚ ਬਹੁਤੀ ਕਹਾਣੀ ਹੇਰਵੇ ਅਤੇ ਲੋਕਾਂ ਨੂੰ ਦਰਪੇਸ਼ ਮੁਸ਼ਕਲਾਂ ਬਾਰੇ ਲਿਖੀ ਜਾਂਦੀ ਸੀ ਪਰ ਹੁਣ ਇਹ ਇੱਥੇ ਸੱਭਿਆਚਾਰਕ ਸੁਮੇਲ ਅਤੇ ਇਸ ਦੇ ਬਾਰੇ ਸੰਵਾਦ ਰਚਾਉਣ ਲਈ ਲਿਖੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜਿੱਥੇ ਅਮਰੀਕਾ ਵਿਚ ਕਹਾਣੀਕਾਰਾਂ ਵੱਲੋਂ 9/11 ਘਟਨਾ ਬਾਰੇ ਬਹੁਤ ਸਾਰੀਆਂ ਕਹਾਣੀਆਂ ਲਿਖੀਆਂ ਗਈਆਂ ਅਤੇ ਇਹ ਪਹਿਲਾਂ 'ਮੈੱਲਟਿੰਗ-ਪੌਡ' ਅਤੇ ਫਿਰ 'ਸਲਾਦ ਦੀ ਪਲੇਟ' ਬਣ ਗਈ, ਉੱਥੇ ਕੈਨੇਡਾ ਵਿਚ ਇੱਥੋਂ ਦੇ ਬਹੁ-ਸੱਭਿਆਚਾਰਾਂ ਦੇ ਸੁਮੇਲ ਬਾਰੇ ਗਿਣਾਤਮਿਕ ਅਤੇ ਗੁਣਾਤਮਿਕ ਪੱਖੋਂ ਬਹੁਤ ਸਾਰੀਆਂ ਖ਼ੂਬਸੂਰਤ ਕਹਾਣੀਆਂ ਪੜ੍ਹਨ ਨੂੰ ਮਿਲੀਆਂ ਹਨ। ਇੱਥੋਂ ਦੇ ਪੰਜਾਬੀ ਲੇਖਕਾਂ ਕੋਲ ਦੋਹਰਾ-ਤੀਹਰਾ ਅਨੁਭਵ ਹੈ ਜਿਸ ਦਾ ਉਹ ਬਹੁਤ ਵਧੀਆ ਪ੍ਰਯੋਗ ਕਰ ਰਹੇ ਹਨ। ਆਪਣੇ ਸੰਬੋਧਨ ਵਿਚ ਉਨ੍ਹਾਂ ਨੇ ਕੈਨੇਡਾ ਦੇ ਕਹਾਣੀਕਾਰਾਂ ਜਰਨੈਲ ਸਿੰਘ, ਕੁਲਜੀਤ ਮਾਨ, ਮਾਂਗਟ, ਗੁਰਮੀਤ ਪਨਾਗ, ਜਰਨੈਲ ਸੇਖਾ ਆਦਿ ਦੇ ਕਈ ਹਵਾਲੇ ਦਿੱਤੇ।

ਲਹਿੰਦੇ ਪੰਜਾਬ (ਪਾਕਿਸਤਾਨ) ਦੀ ਪੰਜਾਬੀ ਕਹਾਣੀ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਭਾਵੇਂ ਉੱਥੇ 8-9 ਕਰੋੜ ਪੰਜਾਬੀ ਵੱਸਦੇ ਹਨ ਪਰ ਬੜੀ ਮੁਸ਼ਕਲ ਨਾਲ ਸਾਲ ਵਿਚ ਦੋ-ਚਾਰ ਪੁਸਤਕਾਂ ਹੀ ਕਹਾਣੀਆਂ ਦੀਆਂ ਛਪਦੀਆਂ ਹਨ। ਉਨ੍ਹਾਂ ਵਿਚ ਵੀ ਰੋਮਾਂਟਿਕ-ਪੱਖ ਭਾਰੂ ਹੁੰਦਾ ਹੈ ਅਤੇ ਲੋਕਾਂ ਨੂੰ ਦਰਪੇਸ਼ ਮੁਸ਼ਕਲਾਂ ਦੀ ਗੱਲ ਬਹੁਤ ਘੱਟ ਕੀਤੀ ਜਾਂਦੀ ਹੈ। ਬਹੁਤ ਸਾਰੇ ਪੰਜਾਬੀ ਲੇਖਕ ਹੁਣ ਉਰਦੂ ਵਿਚ ਲਿਖਣ ਨੂੰ ਤਰਜੀਹ ਦੇ ਰਹੇ ਹਨ ਅਤੇ ਇਸ ਤਰ੍ਹਾਂ ਉੱਥੇ ਪੰਜਾਬੀ ਬੋਲ-ਚਾਲ ਦੀ ਭਾਸ਼ਾ ਤਾਂ ਜ਼ਰੂਰ ਹੈ ਪਰ ਇਹ ਅਕਾਦਮਿਕ ਪੱਧਰ 'ਤੇ ਜਾਂ ਲਿਖਣ ਦੀ ਭਾਸ਼ਾ ਵਜੋਂ ਚੜ੍ਹਦੇ ਪੰਜਾਬ ਦੇ ਮੁਕਾਬਲੇ ਬਹੁਤ ਹੀ ਘੱਟ ਹੈ। ਕੈਨੇਡੀਅਨ ਪੰਜਾਬੀ ਕਹਾਣੀ ਵਿਚ ਵਰਤੇ ਜਾ ਰਹੇ ਪ੍ਰਤੀਕਾਂ ਅਤੇ ਬਿੰਬਾਂ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਇੱਥੋਂ ਦੀ ਸਰ-ਜ਼ਮੀਨ ਨਾਲ ਹੀ ਜੁੜੇ ਹੋਣੇ ਚਾਹੀਦੇ ਹਨ ਅਤੇ ਕੈਨੇਡਾ ਦੇ ਬਹੁਤ ਸਾਰੇ ਕਹਾਣੀਕਾਰ ਇਨ੍ਹਾਂ ਦੀ ਸੁਚੱਜੀ ਵਰਤੋਂ ਕਰ ਰਹੇ ਹਨ। ਆਪਣੀ ਗੱਲ ਨੂੰ ਸਪੱਸ਼ਟ ਕਰਨ ਲਈ ਉਨ੍ਹਾਂ ਪ੍ਰਸਿੱਧ ਕਹਾਣੀਕਾਰ ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਦੇ ਕਈ ਬਿੰਬਾਂ ਦੀਆਂ ਉਦਾਹਰਣਾਂ ਵੀ ਦਿੱਤੀਆਂ। ਉਨ੍ਹਾਂ ਇੱਥੋਂ ਦੀ ਕਹਾਣੀ ਵਿਚ 'ਗਰੇਅ-ਏਰੀਏ' ਅਤੇ 'ਪ੍ਰਾਪਰਟੀ', 'ਸਹਿਹੋਂਦ' (ਕੋ-ਅਗਜ਼ਿਜ਼ਟੈਂਸ) ਅਤੇ ਆਪਸੀ ਬਰਾਬਰੀ ਲਈ 'ਨੈਗੋਸੀਏਸ਼ਨ' ਦੀ ਵੀ ਗੱਲ ਕੀਤੀ ਅਤੇ ਕਿਹਾ ਕਿ ਕੈਨੇਡਾ ਦੀ ਪੰਜਾਬੀ ਕਹਾਣੀ ਹੁਣ ਮੁੱਖ-ਧਾਰਾ ਕਹਾਣੀ ਬਣ ਗਈ ਹੈ। ਉਪਰੰਤ, ਇਸ ਦੇ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਹੋਇਆਂ ਉੱਘੇ-ਚਿੰਤਕ ਪ੍ਰੋ. ਰਾਮ ਸਿੰਘ ਨੇ ਕਿਹਾ ਕਿ ਕੈਨੇਡਾ ਦੀ ਕਹਾਣੀ ਵਿਚ ਪਾਰ-ਰਾਸ਼ਟਰੀਵਾਦ, ਗਰੇਅ-ਏਰੀਆ, ਸੱਭਿਆਚਾਰਕ ਸੁਮੇਲ, ਸਹਿਹੋਂਦ, ਨੈਗੋਸੀਏਸ਼ਨ ਆਦਿ ਸੱਭ ਕੁਝ ਸ਼ਾਮਲ ਹੈ ਪਰ ਇਸ ਕਹਾਣੀ-ਰਚਨਾ ਵਿਚ ਜਾਨ ਦੀ ਘਾਟ ਰੜਕਦੀ ਹੈ। ਸਮਾਗ਼ਮ ਦੇ ਇਸ ਭਾਗ ਦਾ ਸੰਚਾਲਨ ਤਲਵਿੰਦਰ ਮੰਡ ਨੇ ਕੀਤਾ।

ਦੂਸਰੇ ਸੈਸ਼ਨ ਵਿਚ ਕਵੀ-ਦਰਬਾਰ ਹੋਇਆ ਜਿਸ ਵਿਚ ਜਿੱਥੇ ਮਲਵਿੰਦਰ ਸ਼ਾਇਰ, ਅਵਤਾਰ ਸਿੰਘ ਅਰਸ਼ੀ, ਮਕਸੂਦ ਚੌਧਰੀ, ਸੁਖਦੇਵ ਸਿੰਘ ਝੰਡ, ਤਲਵਿੰਦਰ ਸਿੰਘ ਮੰਡ, ਮਲੂਕ ਸਿੰਘ ਕਾਹਲੋਂ, ਗਿਆਨ ਸਿੰਘ ਦਰਦੀ, ਗੁਰਾਂਜਲ ਕੌਰ, ਅਨੂਪ ਕੌਰ, ਆਸ਼ਿਕ ਰਹੀਲ, ਅਮਰਜੀਤ ਸਿੰਘ ਪੰਛੀ, ਜਗੀਰ ਸਿੰਘ ਕਾਹਲੋਂ, ਹਰਭਜਨ ਕੌਰ ਗਿੱਲ, ਹਰਜਸਪ੍ਰੀਤ ਗਿੱਲ, ਕਮਲਜੀਤ ਨੱਤ, ਸੁਰਜੀਤ ਕੌਰ, ਭੁਪਿੰਦਰ ਦੁਲੇ, ਕਰਨ ਅਜਾਇਬ ਸਿੰਘ ਸੰਘਾ ਅਤੇ ਹਰਦਿਆਲ ਸਿੰਘ ਝੀਤਾ ਨੇ ਆਪਣੀਆਂ ਕਵਿਤਾਵਾਂ ਤੇ ਗ਼ਜ਼ਲਾਂ ਪੇਸ਼ ਕੀਤੀਆਂ, ਉੱਥੇ ਇਕਬਾਲ ਬਰਾੜ ਤੇ ਸੰਨੀ ਸ਼ਿਵਰਾਜ ਨੇ ਆਪਣੀਆਂ ਖ਼ੂਬਸੂਰਤ ਆਵਾਜ਼ਾਂ ਵਿਚ ਗੀਤ ਅਤੇ ਗ਼ਜ਼ਲ ਗਾ ਕੇ ਮਾਹੌਲ ਨੂੰ ਸੰਗੀਤਮਈ ਬਣਾ ਦਿੱਤਾ। ਸਮਾਗ਼ਮ ਦੇ ਅਖ਼ੀਰ ਵੱਲ ਵੱਧਦਿਆਂ ਪ੍ਰਧਾਨਗੀ-ਮੰਡਲ ਵਿੱਚੋਂ ਮਿੰਨੀ ਗਰੇਵਾਲ ਨੇ ਬਲਦੇਵ ਸਿੰਘ ਧਾਲੀਵਾਲ ਅਤੇ ਸਮੂਹ ਮਹਿਮਾਨਾਂ ਦਾ ਧੰਨਵਾਦ ਕੀਤਾ। ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਵੱਲੋਂ ਸਮੂਹ ਹਾਜ਼ਰੀਨ ਅਤੇ ਪ੍ਰੋ. ਬਲਦੇਵ ਸਿੰਘ ਧਾਲੀਵਾਲ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਪ੍ਰੋਗਰਾਮ ਦੇ ਇਸ ਭਾਗ ਦਾ ਸੰਚਾਲਨ ਪਰਮਜੀਤ ਸਿੰਘ ਢਿੱਲੋਂ ਵੱਲੋਂ ਕੀਤਾ ਗਿਆ। ਇਸ ਮੌਕੇ ਹਾਜ਼ਰੀਨ ਵਿਚ ਕ੍ਰਿਪਾਲ ਸਿੰਘ ਪੰਨੂੰ, ਪ੍ਰਿੰ. ਸੰਜੀਵ ਧਵਨ, ਪਿਆਰਾ ਸਿੰਘ ਤੂਰ, ਦਰਸ਼ਨ ਸਿੰਘ ਦਰਸ਼ਨ, ਜਸਵਿੰਦਰ ਸਿੰਘ, ਸਰਬਜੀਤ ਕਾਹਲੋਂ, ਸੁੰਦਰਪਾਲ ਰਾਜਾਸਾਂਸੀ, ਰਮਿੰਦਰ ਵਾਲੀਆ ਅਤੇ ਕਈ ਹੋਰ ਸ਼ਾਮਲ ਸਨ।



For All Electrical Work/ਬਿਜਲੀ ਦਾ ਕੋਈ ਵੀ ਕੰਮ ਹੋਵੇ
- Residential/Commercial/Industrial
- Basement Electrical Wiring
- Service Panel Upgrading
- Fire Alarm
- Driveway Lights

Save UPTO 40 TO 50% On Your HYDRO BILL
LED Pot Lights(Indoor/Outdoor) ਲਗਵਾਓ Hydro Bill ਤੇ 40%-50% ਬਚਾਓ
Contact: Nirmal Singh Johal(Certified Electrician)647-716-2677

DUCT CLEANING
A breath of Clean air
Residential & Commercial Air duct cleaning and dryer vent cleaning
Free Sanitizer
BEFORE AFTER
66 ਹੋਰਸ ਪਾਵਰ ਦੇ ਇੰਜਨ ਦੇ ਵੈਕਯੂਮ ਨਾਲ ਤਸਲੀ ਬਖ਼ਸ਼ ਕੰਮ ਦੀ ਗਾਰੰਟੀ
For Professional Duct Cleaning Services
Call Air Frais Duct Cleaning at:
905-867-9000

JEYA
LOOKING FOR LONG/SHORT HAULS
Hiring Team Drivers & Single drivers
DEDICATED A/Z DRIVERS FOR USA/LOCAL CANADA
- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੋਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ
- ਸਿੰਗਲ ਡਰਾਇਵਰਾਂ ਨੂੰ 0.60 ਸੈਂਟ ਪਰ ਮਾਇਲ, ਟੀਮ ਡਰਾਇਵਰਾਂ ਨੂੰ 0.66 ਸੈਂਟ
- Looking For dedicated A/Z Drivers For USA/Local Canada
- Every Pick up and Drop off is in the same place
- Good Job, Per Mile 0.60 Cents for single drivers & 0.66 Cents for team drivers
- New Trucks And Trailers 2016-2018


ALSO HIRING OWNER OPERATORS
www.jeyatransport.com
202-2386 Haines Rd., Mississauga ON.
Sakshi: 647-534-5770 | Riki: 647-963-7131
Office: 905-564-8851
Email: ramesh@jeyatransport.com/sakshi@jeyatransport.com

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

# ਰੇਲ ਹਾਦਸੇ ਲਈ ਜ਼ਿੰਮੇਵਾਰ ਕੌਣ?

-ਧਰਮਿੰਦਰ ਸਿੰਘ ਚੱਬਾ



19 ਅਕਤੂਬਰ ਸ਼ੁੱਕਰਵਾਰ ਨੂੰ ਦੁਸਹਿਰੇ ਦਾ ਦਿਨ ਉਨ੍ਹਾਂ ਪਰਵਾਰਾਂ ਲਈ ਮਨਹੂਸ ਹੋ ਨਿੱਬੜਿਆ ਜਿਨ੍ਹਾਂ ਦੇ ਘਰ ਦਾ ਕੋਈ ਨਾ ਕੋਈ ਮੈਂਬਰ ਅੰਮ੍ਰਿਤਸਰ ਦੇ ਜੌੜਾ ਫਾਟਕ ਕੋਲ ਰਾਵਣ ਦਹਿਨ ਸਮੇਂ ਖੂਨੀ ਟਰੇਨ ਦੀ ਲਪੇਟ ਵਿੱਚ ਆ ਕੇ ਦੁਨੀਆ ਤੋਂ ਰੁਖ਼ਸਤ ਹੋ ਗਿਆ। ਕਈ ਪਰਵਾਰਾਂ ਦੇ ਇਕ ਤੋਂ ਵੱਧ ਜੀਅ ਇਸ ਹਾਦਸੇ ਦੀ ਭੇਟ ਚੜ੍ਹ ਗਏ। ਇਸ ਹਾਦਸੇ ਲਈ ਜ਼ਿੰਮੇਵਾਰ ਕੌਣ ਸੀ? ਕਿਸ-ਕਿਸ ਕੋਲੋਂ ਗਲਤੀ ਹੋਈ? ਇਸ ਬਾਰੇ ਫਿਲਹਾਲ ਜਿੰਨੇ ਮੂੰਹ, ਓਨੀਆਂ ਹੀ ਗੱਲਾਂ ਹਨ।

ਸਰਸਰੀ ਤੌਰ 'ਤੇ ਦੇਖਿਆ ਜਾਵੇ ਤਾਂ ਗਲਤੀ ਸਾਰਿਆਂ ਕੋਲੋਂ ਹੋਈ ਹੈ। ਇਹ ਵੱਖਰੀ ਗੱਲ ਹੈ ਕਿ ਸਾਰੇ ਪੱਲਾ ਝਾੜ ਰਹੇ ਹਨ ਤੇ ਨਜ਼ਲਾ ਇਕ ਦੂਜੇ 'ਤੇ ਸੁੱਟ ਕੇ ਬਚਣਾ ਚਾਹੁੰਦੇ ਹਨ। ਜਦੋਂ ਅੰਮ੍ਰਿਤਸਰ ਦੇ ਜੌੜਾ ਫਾਟਕ ਨੇੜੇ ਦੁਸਹਿਰੇ ਵਾਲੇ ਦਿਨ ਰਾਵਣ ਦਾ ਪੁਤਲਾ ਸਾੜਿਆ ਜਾ ਰਿਹਾ ਸੀ ਤਾਂ ਉਸ ਸਮਾਗਮ 'ਚ ਬੀਬੀ ਨਵਜੋਤ ਕੌਰ ਸਿੱਧੂ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਾਮਲ ਸਨ। ਰਾਵਣ ਸਾੜਨ ਦਾ ਸਮਾਂ ਸ਼ਾਮ ਛੇ ਵਜੇ ਸੀ, ਪਰ ਬੀਬੀ ਨਵਜੋਤ ਕੌਰ ਸਿੱਧੂ ਆਪਣੇ ਰੁਝੇਵਿਆਂ ਕਾਰਨ ਲੇਟ ਹੋ ਗਏ ਤੇ ਹਨੇਰਾ ਹੋ ਗਿਆ। ਜਦੋਂ ਰਾਵਣ ਨੂੰ ਅੱਗ ਲਾਈ ਗਈ ਤਾਂ ਪਟਾਕਿਆਂ ਦਾ ਸ਼ੋਰ ਸ਼ਰਾਬਾ ਸ਼ੁਰੂ ਹੋ ਗਿਆ। ਉਸੇ ਵਕਤ ਜਲੰਧਰ ਵਾਲੇ ਪਾਸਿਓਂ ਡੀ ਐਮ ਯੂ ਗੱਡੀ ਆ ਗਈ।

ਲੋਕ ਦੁਸਹਿਰੇ ਦੇ ਪ੍ਰੋਗਰਾਮ ਦੀ ਵੀਡੀਓ ਬਣਾ ਰਹੇ ਸਨ। ਇਕ ਸ਼ੋਰ ਸ਼ਰਾਬਾ ਤੇ ਦੂਜਾ ਧਿਆਨ ਵੀਡੀਓ ਬਣਾਉਣ ਵੱਲ ਰਿਹਾ ਤੇ ਗੱਡੀ ਟਰੈਕ 'ਤੇ ਖੜੇ ਲੋਕਾਂ ਲਈ ਕਾਲ ਬਣ ਗਈ। ਇਹ ਸਾਰੀ ਤ੍ਰਾਸਦੀ ਦਸ ਸੈਕਿੰਡ ਵਿੱਚ ਵਾਪਰ ਗਈ। ਇਕਦਮ ਚੀਕ ਚਿਹਾੜਾ ਮਚ ਗਿਆ। ਰੇਲਵੇ ਟਰੈਕ 'ਤੇ ਕੱਟੀਆਂ ਵੱਢੀਆਂ ਲਾਸ਼ਾਂ ਸਨ ਤੇ ਜ਼ਖਮੀ ਤੜਫ ਰਹੇ ਸਨ। ਬੜਾ ਭਿਆਨਕ ਮੰਜ਼ਰ ਸੀ। ਉਸ ਜਗ੍ਹਾ ਹਨੇਰਾ ਸੀ। ਪਤਾ ਨਹੀਂ ਸੀ ਲੱਗ ਰਿਹਾ ਕਿ ਕੀ ਹੋ ਗਿਆ। ਰਾਵਣ ਦਹਿਨ ਸਮਾਗਮ ਲਈ ਜੋ ਕਾਨੂੰਨੀ ਪ੍ਰਕਿਰਿਆ ਪੂਰੀ ਕਰਨੀ ਸੀ, ਉਹ ਵੀ ਪ੍ਰਬੰਧਕਾਂ ਨੇ ਤਰੀਕੇ ਨਾਲ ਪੂਰੀ ਨਹੀਂ ਕੀਤੀ। ਸਿਰਫ ਇਲਾਕੇ ਦੇ ਐਸ ਐਚ ਓ ਕੋਲੋਂ ਐਨ ਓ ਸੀ ਲੈ ਕੇ ਕੰਮ ਸਾਰ ਲਿਆ ਗਿਆ। ਰੇਲ ਮੰਤਰਾਲੇ ਕੋਲੋਂ ਵੀ ਮਨਜ਼ੂਰੀ ਨਹੀਂ ਲਈ ਗਈ। ਦੂਜੀਆਂ ਕਾਨੂੰਨੀ ਕਾਰਵਾਈਆਂ ਵੀ ਪੂਰੀਆਂ ਨਹੀਂ ਕੀਤੀਆਂ ਗਈਆਂ। ਦੂਸਰੀ ਗਲਤੀ ਪੁਲਸ ਵੱਲੋਂ ਹੋਈ ਕਿ ਐਨੀ ਵੱਡੀ ਭੀੜ ਲਈ ਕੋਈ ਪੁਖਤਾ ਇੰਤਜ਼ਾਮ ਨਹੀਂ ਕੀਤੇ ਗਏ।

ਤੀਸਰੀ ਗਲਤੀ ਜਿਸ ਜਗ੍ਹਾ ਪ੍ਰੋਗਰਾਮ ਹੋ ਰਿਹਾ ਸੀ, ਉਹ ਗਰਾਊਂਡ ਹੈ। ਉਸ ਗਰਾਊਂਡ ਦੀ ਰੇਲਵੇ ਲਾਈਨ ਵੱਲ ਚਾਰ ਪੰਜ ਫੁੱਟ ਦੀ ਚਾਰਦੀਵਾਰੀ ਹੈ। ਫਿਰ ਉਸ ਕੰਧ ਤੋਂ ਰੇਲਵੇ ਲਾਈਨ ਤੱਕ ਕਾਫੀ ਖਾਲੀ ਜਗ੍ਹਾ ਹੈ। ਥੋੜ੍ਹਾ ਅੱਗੇ ਜਾ ਕੇ ਰੇਲਵੇ ਟਰੈਕ ਹੈ, ਜਿਥੇ ਭਿਆਨਕ ਹਾਦਸਾ ਹੋਇਆ ਹੈ। ਇਥੇ ਤਾਂ ਹੋਣਾ ਇਹ ਚਾਹੀਦਾ ਸੀ ਕਿ ਲੋਕ ਗਰਾਊਂਡ 'ਚ ਬੈਠ ਕੇ ਜਾਂ ਖੜੋ ਕੇ ਦੁਸਹਿਰਾ ਵੇਖਦੇ, ਪਰ ਲੋਕ ਦੀਵਾਰ ਟੱਪ ਕੇ ਖਾਲੀ ਜਗ੍ਹਾ ਲੰਘ ਕੇ ਰੇਲਵੇ ਲਾਈਨ 'ਤੇ ਖੜੋ ਕੇ ਪ੍ਰੋਗਰਾਮ ਦੇਖ ਰਹੇ ਸਨ ਤੇ ਨਾਲੇ ਵੀਡੀਓ ਬਣਾ ਰਹੇ ਸਨ, ਜੋ ਰੇਲਵੇ ਦੇ ਕਾਨੂੰਨ ਮੁਤਾਬਕ ਗਲਤ ਹੈ। ਰੇਲਵੇ ਲਾਈਨ ਤੋ ਗੁਜ਼ਰਨ ਦਾ ਪਹਿਲਾ ਹੱਕ ਰੇਲ ਦਾ ਹੁੰਦਾ ਹੈ। ਜੇ ਕੋਈ ਐਸੀ ਗਲਤੀ ਕਰਦਾ ਹੈ ਤਾਂ ਰੇਲਵੇ ਉਸ ਵਿਅਕਤੀ 'ਤੇ ਐਫ ਆਈ ਆਰ ਦਰਜ ਕਰ ਸਕਦਾ ਹੈ। ਇਸ ਹਾਦਸੇ ਵਿੱਚ ਵੀ ਇਕ ਅਣਪਛਾਤੇ ਵਿਅਕਤੀ 'ਤੇ ਪਰਚਾ ਦਰਜ ਕੀਤਾ ਗਿਆ ਹੈ। ਚੌਥੀ ਗਲਤੀ ਰੇਲਵੇ ਦੀ ਹੈ। ਉਹ ਇਹ ਕਿ ਹਾਦਸਾ ਕਰਨ ਵਾਲੀ ਗੱਡੀ ਦੇ ਇੰਜਣ ਦੀ ਟਾਪ ਲਾਈਟ ਬੰਦ ਸੀ, ਹੇਠਾਂ ਵਾਲੀ ਲਾਈਟ ਹੀ ਜਗਦੀ ਸੀ। ਇਹ ਵਾਇਰਲ ਹੋਈ ਵੀਡੀਓ ਵਿੱਚ ਦੇਖਿਆ ਜਾ ਸਕਦਾ ਹੈ। ਟਾਪ ਲਾਈਟ ਜਗਦੀ ਹੁੰਦੀ ਤਾਂ ਸ਼ਾਇਦ ਰੇਲਵੇ ਲਾਈਨ 'ਤੇ ਖੜੇ ਲੋਕਾਂ ਨੂੰ ਗੱਡੀ ਦੇ ਆਉਣ ਦਾ ਪਤਾ ਲੱਗ ਜਾਂਦਾ ਤੇ ਇਹ ਹਾਦਸਾ ਹੋਣ ਤੋਂ ਬਚ ਜਾਂਦਾ।


ਪੰਜਵੀਂ ਗਲਤੀ ਰਾਵਣ ਦਹਿਨ ਦਾ ਪ੍ਰੋਗਰਾਮ ਕਰਵਾ ਰਹੇ ਪ੍ਰਬੰਧਕਾਂ ਨੇ ਕੀਤੀ। ਇਕ ਤਾਂ ਕਾਨੂੰਨੀ ਪ੍ਰਕਿਰਿਆ ਪੂਰੀ ਨਹੀਂ ਕੀਤੀ ਤੇ ਦੂਜਾ ਜਦੋਂ ਇਹ ਹਾਦਸਾ ਹੋਇਆ ਤਾਂ ਉਥੋਂ ਖਿਸਕਣ ਵਿੱਚ ਭਲਾ ਸਮਝਿਆ। (ਕਾਰ ਵਿੱਚ ਦੌੜਦਿਆਂ ਦੀ ਵੀਡੀਓ ਵਾਇਰਲ ਹੋਈ ਹੈ)। ਕਈ ਪ੍ਰਬੰਧਕਾਂ ਨੇ ਲੋਕਾਂ ਦੀ ਮਦਦ ਵੀ ਕੀਤੀ, ਜੋ ਸਮੇਂ ਦੀ ਜ਼ਰੂਰਤ ਸੀ।

ਇਸ ਭਿਆਨਕ ਹਾਦਸੇ 'ਤੇ ਵਿਰੋਧੀ ਪਾਰਟੀਆਂ ਸਿਆਸੀ ਰੋਟੀਆਂ ਸੇਕਦੀਆਂ ਨਜ਼ਰ ਆਈਆਂ, ਪਰ ਇਹੋ ਜਿਹੇ ਵਕਤ ਵਿੱਚ ਸਿਆਸਤ ਤੋਂ ਉਪਰ ਉਠ ਕੇ ਇਨਸਾਨੀਅਤ ਦਾ ਫਰਜ਼ ਨਿਭਾਉਣਾ ਚਾਹੀਦਾ ਸੀ, ਕਿਉਂਕਿ ਇਨਸਾਨੀਅਤ ਤੋਂ ਉਪਰ ਕੁਝ ਨਹੀਂ ਹੈ। ਹਸਪਤਾਲਾਂ ਵਿੱਚ ਚੀਕ ਚਿਹਾੜਾ ਪਿਆ ਸੀ। ਲੋਕ ਆਪਣਿਆਂ ਨੂੰ ਲੱਭਣ ਵਿੱਚ ਕੀ ਸਰਕਾਰੀ ਤੇ ਕੀ ਨਿੱਜੀ, ਸਭ ਹਸਪਤਾਲਾਂ ਵਿੱਚ ਘੁੰਮ ਰਹੇ ਸਨ, ਪਰ ਉਨ੍ਹਾਂ ਨੂੰ ਉਘ ਸੁੱਘ ਨਹੀਂ ਲੱਗ ਰਹੀ ਸੀ। ਅਨੇਕਾਂ ਡਾਕਟਰਾਂ, ਕਈ ਲੋਕਾਂ, ਸਮਾਜ ਸੇਵੀ ਸੰਸਥਾਵਾਂ, ਖਾਲਸਾ ਏਡ ਵਰਗੀਆਂ ਸੰਸਥਾਵਾਂ ਮਰੀਜ਼ਾਂ ਤੇ ਹੋਰ ਲੋੜਵੰਦਾਂ ਦੀ ਮਦਦ ਕੀਤੀ। ਲੋੜਵੰਦਾਂ ਲਈ ਲੋਕ ਖ਼ੂਨ ਦੇਣ ਲਈ ਅੱਗੇ ਆਏ, ਲੰਗਰ ਲਗਾਏ ਗਏ, ਛਬੀਲਾਂ ਲਾਈਆਂ ਗਈਆਂ। ਸ਼੍ਰੋਮਣੀ ਕਮੇਟੀ ਵੱਲੋਂ ਵੀ ਮੁਫਤ ਇਲਾਜ ਦਾ ਐਲਾਨ ਕੀਤਾ ਗਿਆ ਤੇ ਲੰਗਰ ਲਾਏ ਗਏ। ਮ੍ਰਿਤਕਾਂ ਦੇ ਪਰਵਾਰਾਂ ਨੂੰ ਉਨ੍ਹਾਂ ਦੇ ਆਪਣਿਆਂ ਦੀਆਂ ਲਾਸ਼ਾਂ ਨਹੀਂ ਮਿਲ ਰਹੀਆਂ ਸਨ। ਲੋਕਾਂ ਵਿੱਚ ਗੁੱਸਾ ਸੀ ਕਿ ਜੋ ਗਿਣਤੀ ਸਰਕਾਰ ਮ੍ਰਿਤਕਾਂ ਦੀ ਦੱਸ ਰਹੀ ਹੈ, ਉਹ ਗਲਤ ਹੈ। ਲੋਕਾਂ ਦਾ ਕਹਿਣਾ ਸੀ ਕਿ ਮੌਤਾਂ ਵੱਧ ਹੋਈਆਂ ਹਨ ਤੇ ਸਰਕਾਰ ਨੇ ਲਾਸ਼ਾਂ ਗਾਇਬ ਕਰਵਾ ਦਿੱਤੀਆਂ ਹਨ। ਇਸ ਗੱਲ ਨੂੰ ਲੈ ਕੇ ਲੋਕਾਂ ਨੇ ਅਗਲੇ ਦਿਨ ਯਾਨੀ 20 ਤੇ 21 ਤਰੀਕ ਨੂੰ ਸੜਕਾਂ 'ਤੇ ਜਾਮ ਲਗਾ ਦਿੱਤਾ ਤੇ ਪੁਲਸ 'ਤੇ ਪੱਥਰਬਾਜ਼ੀ ਵੀ ਕੀਤੀ। ਪੁਲਸ ਵੱਲੋਂ ਹਲਕਾ ਲਾਠੀਚਾਰਜ ਵੀ ਕੀਤਾ ਗਿਆ।

ਆਪਣਿਆਂ ਦੇ ਵਿਛੋੜੇ ਦਾ ਦਰਦ ਝੱਲ ਰਹੇ ਲੋਕ ਵਿਲ੍ਹਕ ਰਹੇ ਹਨ। ਕਈਆਂ ਦਾ ਪੂਰੇ ਦਾ ਪੂਰਾ ਘਰ ਉਜੜ ਗਿਆ ਹੈ। ਜਿਨ੍ਹਾਂ ਦੇ ਘਰ ਉਜੜੇ ਹਨ, ਉਨ੍ਹਾਂ ਨੂੰ ਪਤਾ ਹੈ ਕਿ ਆਪਣਿਆਂ ਦੇ ਵਿਛੋੜੇ ਦਾ ਦਰਦ ਕੀ ਹੁੰਦਾ ਹੈ। ਕਈ ਘਰਾਂ ਵਿੱਚ ਤਾਂ ਸਿਆਣੇ ਜਵਾਨ ਹਾਦਸੇ ਦੀ ਭੇਟ ਚੜ੍ਹ ਗਏ ਹਨ ਤੇ ਪਿੱਛੇ ਦਸ-ਦਸ ਮਹੀਨੇ ਦੇ ਬੱਚੇ ਹੀ ਬਚੇ ਹਨ, ਹੋਰ ਕੋਈ ਮੈਂਬਰ ਬਚਿਆ ਹੀ ਨਹੀਂ। ਉਨ੍ਹਾਂ ਬੱਚਿਆਂ ਦਾ ਕੀ ਬਣੇਗਾ? ਲੋਕਾਂ ਨੂੰ ਚਾਹੀਦਾ ਹੈ ਕਿ ਉਹ ਸੰਜਮ ਤੋਂ ਕੰਮ ਲੈਣ। ਭੰਨ ਤੋੜ ਸਾੜ ਫੂਕ ਮਸਲੇ ਦਾ ਹੱਲ ਨਹੀਂ। ਸਰਕਾਰ ਨੇ ਜਾਂਚ ਕਮਿਸ਼ਨ ਕਮੇਟੀ ਬਣਾ ਦਿੱਤੀ ਹੈ, ਜਿਸ ਨੂੰ ਚਾਰ ਹਫਤਿਆਂ ਵਿੱਚ ਰਿਪੋਰਟ ਦੇਣ ਨੂੰ ਕਿਹਾ ਗਿਆ ਹੈ। ਜੋ ਵੀ ਦੋਸ਼ੀ ਸਿੱਧ ਹੋਇਆ, ਉਸ ਵਿਰੁੱਧ ਕਾਨੂੰਨੀ ਕਾਰਵਾਈ ਜ਼ਰੂਰ ਹੋਵੇ ਤੇ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ। ਇਸ ਹਾਦਸੇ ਲਈ ਜੋ ਖਾਮੀਆਂ ਪਾਈਆਂ ਜਾਣ, ਉਹ ਤੁਰੰਤ ਦੂਰ ਕੀਤੀਆਂ ਜਾਣ ਤਾਂ ਜੋ ਅਗਾਂਹ ਤੋਂ ਐਸੇ ਭਿਆਨਕ ਹਾਦਸੇ ਰੋਕੇ ਜਾ ਸਕਣ। ਸਰਕਾਰਾਂ ਵੱਲੋਂ ਮ੍ਰਿਤਕਾਂ ਦੇ ਪਰਵਾਰਾਂ ਲਈ ਜੋ ਮਦਦ ਦਾ ਐਲਾਨ ਕੀਤਾ ਗਿਆ ਹੈ, ਉਹ ਜਲਦੀ ਉਨ੍ਹਾਂ ਨੂੰ ਦਿੱਤੀ ਜਾਵੇ। ਗਰੀਬਾਂ ਨਾਲ ਇਨਸਾਫ ਹੋਣਾ ਚਾਹੀਦਾ ਹੈ।

# ਲੋਕ ਵਿਰਸਾ: ਪਾਣੀਆਂ ਨਾਲ ਸਬੰਧਤ ਕਥਾਵਾਂ

-ਸਤਿੰਦਰ ਔਲਖ



ਮਨੁੱਖ ਇਕ ਸੂਝਵਾਨ ਪ੍ਰਾਣੀ ਹੋਣ ਦੇ ਨਾਲ ਭਾਸ਼ਾ ਦੀ ਵਰਤੋਂ ਕਰਨ ਵਾਲਾ ਪ੍ਰਾਣੀ ਹੈ। ਲਿਖਤੀ ਭਾਸ਼ਾ ਹੋਂਦ ਵਿੱਚ ਆਉਣ ਤੋਂ ਪਹਿਲਾਂ ਮਨੁੱਖ ਆਪਣਾ ਗਿਆਨ ਜ਼ਬਾਨੀ ਤੌਰ 'ਤੇ ਕਾਵਿ ਜਾਂ ਕਥਾ ਰੂਪ ਵਿੱਚ ਆਉਂਦੀ ਪੀੜ੍ਹੀ ਦੇ ਸਪੁਰਦ ਕਰਦਾ ਸੀ। ਇਹ ਮਿਥਕ ਕਥਾਵਾਂ ਮਨੁੱਖੀ ਕਲਪਨਾ ਦਾ ਕਰਿਸ਼ਮਾ ਹਨ ਤੇ ਵਾਰ-ਵਾਰ ਦੁਹਰਾਏ ਜਾਣ ਨਾਲ ਹੀਰੇ ਦੀ ਤਰ੍ਹਾਂ ਤਰਾਸ਼ੀਆਂ ਗਈਆਂ ਹਨ। ਜਿਸ ਸੱਭਿਆਚਾਰ 'ਚੋਂ ਇਹ ਪੈਦਾ ਹੁੰਦੀਆਂ ਹਨ, ਉਥੇ ਇਹ ਸੱਚੀਆਂ ਘਟਨਾਵਾਂ 'ਤੇ ਆਧਾਰਿਤ ਕਹਾਣੀਆਂ ਮੰਨੀਆਂ ਜਾਂਦੀਆਂ ਹਨ।

ਮਨੁੱਖ ਦੀਆਂ ਉਹ ਕਹਾਣੀਆਂ ਬਹੁਤ ਪੁਰਾਣੀਆਂ ਹਨ, ਜਿਨ੍ਹਾਂ ਦਾ ਸਬੰਧ ਮਨੁੱਖ, ਜੀਵ ਜਗਤ, ਬ੍ਰਹਿਮੰਡ ਅਤੇ ਪ੍ਰਕਿਰਤੀ ਦੇ ਪੈਦਾ ਹੋਣ ਨਾਲ ਹੈ। ਕਿਉਂਕਿ ਮਨੁੱਖ ਇਕ ਚਿੰਤਨਸ਼ੀਲ ਜੀਵ ਹੈ, ਇਸ ਲਈ ਉਹ ਹਮੇਸ਼ਾ ਇਹ ਜਾਨਣ ਦਾ ਯਤਨ ਕਰਦਾ ਰਿਹਾ ਹੈ ਕਿ ਉਹ ਕਿੱਥੋਂ ਆਇਆ ਹੈ, ਬ੍ਰਹਿਮੰਡ ਕਦੋਂ ਤੇ ਕਿਵੇਂ ਹੋਂਦ ਵਿੱਚ ਆਇਆ, ਉਸ ਦਾ ਅਤੇ ਬਾਕੀ ਜੀਵ ਜਗਤ ਤੇ ਵਨਸਪਤੀ ਦਾ ਜਨਮ ਕਦੋਂ ਤੇ ਕਿਵੇਂ ਹੋਇਆ, ਕੀ ਪਹਿਲਾ ਜੀਵ ਇਕ ਤੋਂ ਜਾਂ ਦੋ ਤੱਤਾਂ ਤੋਂ ਹੋਂਦ ਗ੍ਰਹਿਣ ਕਰਕੇ ਪਾਣੀ ਜਾਂ ਧਰਤੀ 'ਤੇ ਪੈਦਾ ਹੋਇਆ। ਅੱਜ ਵਿਗਿਆਨ ਨੇ ਇਨ੍ਹਾਂ ਵਿੱਚੋਂ ਬਹੁਤ ਸਾਰੇ ਸੁਆਲਾਂ ਦੇ ਜਵਾਬ ਦੇ ਦਿੱਤੇ ਹਨ, ਪਰ ਮਨੁੱਖ ਦੇ ਮਨ ਵਿੱਚ ਇਹ ਜਿਗਿਆਸਾ ਉਦੋਂ ਵੀ ਸੀ, ਜਦੋਂ ਵਿਗਿਆਨ ਇਨ੍ਹਾਂ ਸਭ ਗੁੱਥੀਆਂ ਨੂੰ ਸੁਲਝਾਉਣ ਦੇ ਕਾਬਲ ਨਹੀਂ ਸੀ। ਉਸ ਵਕਤ ਵੱਖ-ਵੱਖ ਸੱਭਿਆਚਾਰਾਂ ਵਿੱਚ ਵੱਖ-ਵੱਖ ਮਿਥਕ ਕਥਾਵਾਂ ਹੋਂਦ ਵਿੱਚ ਆਈਆਂ ਇਨ੍ਹਾਂ ਪ੍ਰਸ਼ਨਾਂ ਦਾ ਹੱਲ ਸੁਝਾਉਣ ਦਾ ਕੰਮ ਕਰਦੀਆਂ ਸਨ।

ਭਾਰਤ ਭੂ-ਮੱਧ ਰੇਖਾ ਦੇ ਨੇੜੇ ਹੋਣ ਕਰਕੇ ਇਕ ਗਰਮ ਇਲਾਕੇ ਵਾਲਾ ਦੇਸ਼ ਹੈ। ਇਸ ਦੇ ਉਤਰ ਵਾਲੇ ਪਾਸੇ ਉਚੇ ਪਹਾੜ ਹਨ, ਜਿਥੇ ਬਰਫ ਪਈ ਰਹਿੰਦੀ ਹੈ। ਗਰਮੀ ਵਿੱਚ ਸਮੁੰਦਰ ਤੋਂ ਆਉਣ ਵਾਲੀਆਂ ਮੌਨਸੂਨ ਹਵਾਵਾਂ ਤੇਜ਼ ਮੀਂਹ ਲੈ ਕੇ ਆਉਂਦੀਆਂ ਹਨ, ਜਿਸ ਨਾਲ ਕਈ ਵਾਰ ਹੜ੍ਹ ਦੇ ਹਾਲਾਤ ਬਣ ਜਾਂਦੇ ਹਨ। ਭਾਰਤ ਦਾ ਬਹੁਤ ਸਾਰਾ ਹਿੱਸਾ ਤਿੰਨ ਪਾਸੇ ਤੋਂ ਸਮੁੰਦਰ ਨਾਲ ਘਿਰਿਆ ਹੋਇਆ ਹੈ। ਇਸ ਤਰ੍ਹਾਂ ਪਾਣੀ ਇਕ ਪਾਸੇ ਜੀਵਨ ਦਾ ਸ੍ਰੋਤ ਹੈ, ਉਥੇ ਇਸ ਦੀ ਬਹੁਤਾਤ ਹੜ੍ਹਾਂ ਤੇ ਮੌਤ ਦਾ ਸਬੱਬ ਬਣ ਜਾਂਦੀ ਹੈ। ਇਸ ਲਈ ਇਥੋਂ ਦੀਆਂ ਕਥਾਵਾਂ ਵਿੱਚ ਮੀਂਹ, ਹਨੇਰੀ, ਦਰਿਆ, ਸਮੁੰਦਰ, ਤੂਫਾਨ ਤੇ ਹੜ੍ਹਾਂ ਦਾ ਜ਼ਿਕਰ ਵਾਰ-ਵਾਰ ਹੁੰਦਾ ਹੈ। ਬ੍ਰਹਿਮੰਡ ਤੇ ਸ੍ਰਿਸ਼ਟੀ ਦੀ ਉਤਪਤੀ ਤੇ ਵਿਨਾਸ਼, ਮਨੁੱਖੀ ਤੇ ਜੀਵ ਜਗਤ ਦੀ ਜ਼ਿੰਦਗੀ ਇਨ੍ਹਾਂ ਕਥਾਵਾਂ ਵਿੱਚ ਸਭ ਪਾਣੀਆਂ ਨਾਲ ਸਬੰਧਤ ਹੋ ਗਈ ਹੈ। ਭਾਰਤੀ ਮਿਥਿਹਾਸ ਦੀਆਂ ਕਈ ਕਥਾਵਾਂ ਅਨੰਤ ਪਾਣੀਆਂ ਨਾਲ ਸਬੰਧਤ ਹਨ, ਜਿਵੇਂ ਸ੍ਰਿਸ਼ਟੀ ਦੇ ਸਿਰਜਕ ਬ੍ਰਹਮਾ ਦੀ ਮਿੱਥ, ਜੋ ਅਨੰਤ ਪਾਣੀਆਂ ਵਿੱਚ ਸ਼ੇਸ਼ਨਾਗ ਦੇ ਬਣੇ ਬਿਸਤਰ ਉੱਤੇ ਆਰਾਮ ਕਰਦੇ ਆਦਿ ਨਾਰਾਇਣ ਦੀ ਧੁਨੀ 'ਚੋਂ ਨਿਕਲੇ ਕਮਲ ਦੇ ਫੁੱਲ 'ਤੇ ਬੈਠੇ ਪੈਦਾ ਹੁੰਦੇ ਹਨ ਤੇ ਉਥੇ ਬੈਠੇ ਹੀ ਸ੍ਰਿਸ਼ਟੀ ਦੀ ਰਚਨਾ ਕਰਦੇ ਹਨ। ਸਮੁੰਦਰ ਮੰਥਨ ਰਾਹੀਂ ਪਾਣੀਆਂ ਵਿੱਚੋਂ ਵਿਸ਼ ਤੇ ਅੰਮ੍ਰਿਤ ਦੇ ਨਾਲ ਬਹੁਤ ਸਾਰੇ ਕੀਮਤੀ ਖਜ਼ਾਨੇ, ਹਾਥੀ, ਘੋੜੇ, ਮਣੀ, ਲਕਸ਼ਮੀ, ਔਸ਼ਧੀਆਂ ਪ੍ਰਾਪਤ ਹੋਣ ਦੀ ਮਿਥ, ਸਮੁੰਦਰ ਰਿੜਕਣ ਵਕਤ ਕਛੂ ਦੇ ਰੂਪ ਵਿੱਚ ਵਿਸ਼ਣੂ ਅਵਤਾਰ, ਧਰਤੀ ਨੂੰ ਪਾਣੀਆਂ ਵਿੱਚੋਂ ਬਾਹਰ ਲੈ ਕੇ ਆਉਣ ਦੇ ਹਨੇਰੇ ਦੇ ਦੈਂਤ ਨਾਲ ਲੜਨ ਵਾਲੇ ਵਾਰਾਹ ਅਵਤਾਰ ਦੀ ਮਿਥ, ਪਰਲੈ ਵਕਤ ਜ਼ਿੰਦਗੀ ਨੂੰ ਬਚਾਉਣ ਲਈ ਮੱਛੀ ਦੇ ਰੂਪ ਵਿੱਚ ਵਿਸ਼ਣੂ ਦੇ ਅਵਤਾਰ ਦੀ ਮਿਥ, ਮਾਰਕੰਡੇ ਰਿਸ਼ੀ ਵੱਲੋਂ ਪਰਲੈ ਦੇ ਅਨੰਤ ਪਾਣੀਆਂ ਵਿੱਚ ਗੋਤੇ ਖਾਂਦੇ ਪਾਣੀਆਂ ਵਿੱਚ ਇਕ ਰੁੱਖ ਤੇ ਉਸ ਦੀਆਂ ਟਾਹਣੀਆਂ ਵਿੱਚ ਨਵਜੰਮੇ ਬੱਚੇ ਨੂੰ ਦੇਖਣ ਦੀ ਮਿਥ, ਬਾਰਾਂ ਸਾਲ ਲਗਾਤਾਰ ਮੀਂਹ ਪੈਣ ਨਾਲ ਸ੍ਰਿਸ਼ਟੀ ਦੇ ਖਤਮ ਹੋਣ ਦੀ ਮਿਥ ਸਭ ਅਨੰਤ ਪਾਣੀਆਂ ਨਾਲ ਸਬੰਧਤ ਮਿਥ ਕਥਾਵਾਂ ਹਨ।

ਵਿਗਿਆਨ ਦੀ ਖੋਜ ਆਧਾਰਤ ਲੱਭਤ ਤੋਂ ਸਿੱਧ ਹੋ ਗਿਆ ਹੈ ਕਿ ਆਰੰਭਕ ਜ਼ਿੰਦਗੀ ਪਾਣੀ ਵਿੱਚ ਵਿਕਸਿਤ ਹੋਈ। ਇਸ ਤੋਂ ਪਹਿਲਾਂ ਵੀ ਮਨੁੱਖ ਨੂੰ ਲੱਗਦਾ ਸੀ ਕਿ ਸਾਰੀ ਜ਼ਿੰਦਗੀ ਸ਼ਾਇਦ ਪਾਣੀ ਕਰਕੇ ਹੀ ਵਿਕਸਿਤ ਹੋਈ ਹੈ। ਇਸ ਲਈ ਏਸ਼ੀਆ ਤੇ ਯੂਰਪ ਦੇ ਬਹੁਤ ਸਾਰੇ ਇਲਾਕਿਆਂ ਦੀਆਂ ਮਿਥ ਕਥਾਵਾਂ ਵਿੱਚ ਇਕ ਬਹੁਤ ਵੱਡੇ ਹੜ੍ਹ ਦਾ ਜ਼ਿਕਰ ਹੈ। ਬਾਬਾ ਨੂਹ ਦੀ ਮਿਥ ਕਥਾ ਅਨੁਸਾਰ ਉਹ ਹੜ੍ਹ ਦੇ ਸਮੇਂ ਇਕ ਬਹੁਤ ਵੱਡੀ ਕਿਸ਼ਤੀ ਬਣਾ ਕੇ, ਉਸ ਵਿੱਚ ਹਰ ਤਰ੍ਹਾਂ ਦੇ ਜੀਵਾਂ ਦਾ ਇਕ-ਇਕ ਜੋੜਾ ਬਚਾ ਕੇ ਕਿਸੇ ਸੁਰੱਖਿਅਤ ਥਾਂ 'ਤੇ ਲੈ ਜਾਂਦੇ ਹਨ ਤੇ ਹੜ੍ਹ ਦਾ ਪਾਣੀ ਉਤਰਨ 'ਤੇ ਉਨ੍ਹਾਂ ਤੋਂ ਫਿਰ ਮਨੁੱਖ ਤੇ ਜੀਵ ਜਗਤ ਤੇ ਪ੍ਰਕਿਰਤੀ ਦੀ ਉਤਪਤੀ ਹੁੰਦੀ ਹੈ। ਇਸੇ ਤਰ੍ਹਾਂ ਦਾ ਕੰਮ ਮਨੂ ਕਰਦਾ ਹੈ, ਜੋ ਹੜ੍ਹ ਵੇਲੇ ਕਿਸ਼ਤੀ ਵਿੱਚ ਇਕ-ਇਕ ਜੀਵ ਰੱਖ ਕੇ ਕਿਸ਼ਤੀ ਨੂੰ ਇਕ ਪਹਾੜ ਨਾਲ ਬੰਨ੍ਹ ਦਿੰਦਾ ਹੈ ਤੇ ਹੜ੍ਹ ਉਤਰਨ 'ਤੇ ਉਨ੍ਹਾਂ ਤੋਂ ਮੁੜ ਜ਼ਿੰਦਗੀ ਆਰੰਭ ਹੁੰਦੀ ਹੈ। ਮੱਛ ਅਵਤਾਰ ਵਿੱਚ ਪ੍ਰਜਾਪਤੀ ਜਾਂ ਵਿਸ਼ਣੂ ਮਨੂ ਦੀ ਸਹਾਇਤਾ ਕਰਦੇ ਹਨ। ਮਨੁੱਖ ਹਮੇਸ਼ਾ ਤੋਂ ਇਹ ਜਾਨਣਾ ਚਾਹੁੰਦਾ ਹੈ ਕਿ ਜ਼ਿੰਦਗੀ ਇਕ ਪਰਮ ਤੱਤ ਤੋਂ ਪੈਦਾ ਹੋਈ ਜਾਂ ਨਰ ਤੇ ਮਾਦਾ ਦੇ ਸਮੇਲ 'ਚੋਂ ਪੁੰਗਰੀ। ਬ੍ਰਹਮਾ ਦੀ ਮਿਥ ਵਿੱਚ ਇਸ ਸੁਆਲ ਦਾ ਵੀ ਉਤਰ ਹੈ। ਬ੍ਰਹਮਾ ਵੱਲੋਂ ਪੈਦਾ ਕੀਤੀ ਜ਼ਿੰਦਗੀ ਉਦੋਂ ਤੱਕ ਨਹੀਂ ਵੱਧਦੀ ਜਦੋਂ ਤੱਕ ਉਹ ਇਕੱਲੀ ਸ੍ਰਿਸ਼ਟੀ ਪੈਦਾ ਕਰਦੇ ਹਨ, ਜਦੋ ਉਹ ਇਕ ਮਰਦ ਮਨੂ ਅਤੇ ਇਕ ਔਰਤ ਸ਼ਤਰੂਪਾ ਨੂੰ ਪੈਦਾ ਕਰਕੇ ਉਨ੍ਹਾਂ ਨੂੰ ਆਪਸੀ ਸਹਿਯੋਗ ਰਾਹੀਂ ਸੰਤਾਨ ਪੈਦ ਕਰਨ ਦਾ ਹੁਕਮ ਦਿੰਦੇ ਹਨ, ਤਾਂ ਹੀ ਧਰਤੀ 'ਤੇ ਜੀਵਾਂ ਦੀ ਗਿਣਤੀ ਵੱਧਦੀ ਹੈ।

ਬ੍ਰਹਮਾ ਜਿਸ ਫੁੱਲ 'ਤੇ ਬੈਠੇ ਪੈਦਾ ਹੁੰਦੇ ਹਨ, ਉਹ ਫੁੱਲ ਧਰਤੀ ਅਤੇ ਉਹ ਆਪ ਸੂਰਜ ਦਾ ਪ੍ਰਤੀਕ ਹੈ। ਧਰਤੀ, ਸੂਰਜ, ਪਾਣੀ, ਹਵਾ ਹਰ ਤਰ੍ਹਾਂ ਦੀ ਜ਼ਿੰਦਗੀ ਲਈ ਅਹਿਮ ਜ਼ਰੂਰੀ ਤੱਤ ਹਨ, ਇਸ ਲਈ ਇਹ ਮਿਥ ਕਥਾਵਾਂ ਜ਼ਿੰਦਗੀ, ਬ੍ਰਹਿਮੰਡ ਅਤੇ ਸ੍ਰਿਸ਼ਟੀ ਦੇ ਆਰੰਭ ਨੂੰ ਕਾਵਿਕ ਬੋਲੀ ਵਿੱਚ ਪ੍ਰਗਟ ਕਰਦੀਆਂ ਹਨ। ਸਮੁੰਦਰ ਮੰਥਨ ਵਿੱਚੋਂ ਨਿਕਲੇ ਅੰਮ੍ਰਿਤ ਨਾਲ ਸਿਰਫ ਦੇਵਤਿਆਂ ਅਰਥਾਤ ਸੱਚਾਈ ਨੂੰ ਅਮਰ ਕੀਤਾ ਜਾਂਦਾ ਹੈ। ਅਸੁਰ, ਜੋ ਬੁਰਾਈ ਦੇ ਪ੍ਰਤੀਕ ਹਨ, ਅਮਰ ਨਹੀਂ ਹਨ, ਚਾਹੇ ਇਹ ਮਰ ਕੇ ਫਿਰ ਦੁਬਾਰਾ ਜਨਮ ਲੈ ਲੈਂਦੇ ਹਨ ਅਰਥਾਤ ਬੁਰਾਈ ਖਤਮ ਹੋ ਸਕਦੀ ਹੈ ਚਾਹੇ ਵਕਤੀ ਤੌਰ 'ਤੇ ਹੀ ਸਹੀ, ਪਰ ਸੱਚਾਈ ਸਦਾ ਰਹਿੰਦੀ ਹੈ। ਇਨ੍ਹਾਂ ਸਾਰੀਆਂ ਕਥਾਵਾਂ ਵਿੱਚ ਇਕ ਗੱਲ ਸਾਂਝੀ ਹੈ, ਉਹ ਹੈ ਅਥਾਹ ਪਾਣੀ। ਜਨਮ ਤੇ ਮ੍ਰਿਤੂ ਦਾ ਚੱਕਰ ਇਨ੍ਹਾਂ ਪਾਣੀਆਂ ਨਾਲ ਜੁੜਿਆ ਹੋਇਆ ਹੈ। ਇਨ੍ਹਾਂ ਕਥਾਵਾਂ ਵਿੱਚ ਕਾਵਿ-ਮਈ ਕਲਪਨਾ ਰਾਹੀਂ ਸੰਸਾਰ ਦੀ ਉਤਪਤੀ ਤੇ ਵਿਨਾਸ਼ ਨੂੰ ਸਮਝਣ ਦੇ ਯਤਨ ਨਾਲ ਮਨੁੱਖੀ ਮਨ ਦੀਆਂ ਖਾਹਿਸ਼ਾਂ, ਡਾਰਾਂ ਅਤੇ ਉਮੀਦਾਂ ਨੂੰ ਉਜਾਗਰ ਕਰਨ ਦਾ ਕੰਮ ਵੀ ਕੀਤਾ ਗਿਆ ਹੈ। ਇਹ ਕਥਾਵਾਂ ਭਾਰਤੀ ਸੱਭਿਆਚਾਰ ਵਿੱਚੋਂ ਪੈਦਾ ਹੋਈਆਂ ਹਨ ਇਸ ਲਈ ਇਥੇ ਹੀ ਇਹ ਅਰਥਪੂਰਨ ਹਨ ਕਿਉਂਕਿ ਵੱਖ-ਵੱਖ ਸੱਭਿਆਚਾਰ ਇਨ੍ਹਾਂ ਮਸਲਿਆਂ ਨੂੰ ਵੱਖ-ਵੱਖ ਤਰੀਕੇ ਨਾਲ ਸਮਝਣ ਦਾ ਯਤਨ ਕਰਦੇ ਹਨ ਤੇ ਵੱਖਰੀਆਂ ਕਹਾਣੀਆਂ ਦੀ ਕਲਪਨਾ ਕਰਦੇ ਹਨ। ਇਹ ਕਥਾਵਾਂ ਵਿਗਿਆਨ ਦਾ ਬਦਲ ਨਹੀਂ ਕਿਉਂਕਿ ਵਿਗਿਆਨਕ ਲੱਭਤ ਦਾ ਸੱਚ ਸਾਰੇ ਸੰਸਾਰ ਦੇ ਮਨੁੱਖਾਂ ਲਈ ਇਕ ਹੀ ਹੁੰਦਾ ਹੈ। ਜੇ ਇਹ ਸੱਚ ਰੱਦ ਹੁੰਦਾ ਹੈ ਤਾਂ ਉਸ ਦੀ ਥਾਂ ਉਸ ਤੋਂ ਵੱਧ ਤਾਰਕਿਕ ਸੱਚ ਵਾਲਾ ਉਤਰ ਸਹੀ ਮੰਨਿਆ ਜਾਂਦਾ ਹੈ, ਪਰ ਮਿਥਕ ਕਥਾਵਾਂ ਅਨੰਤ ਹਨ ਤੇ ਇਹ ਇਕ ਮਸਲੇ ਨੂੰ ਵੱਖਰੇ-ਵੱਖਰੇ ਅੰਦਾਜ਼ ਵਿੱਚ ਸਮਝਣ ਦੇ ਯਤਨ 'ਚੋਂ ਪੈਦਾ ਹੋਈਆਂ ਹਨ।

## ਹਲਕਾ ਫੁਲਕਾ

ਜਾਦੂਗਰ (ਭੂਸ਼ਣ ਨੂੰ), "ਮੈਂ ਤੇਰੀ ਪਤਨੀ ਨੂੰ ਦੋ ਹਿੱਸਿਆਂ ਵਿੱਚ ਵੰਡ ਦੇਵਾਂਗਾ।"
ਭੂਸ਼ਣ, "ਕੀ ਕਰਦਾ ਏਂ ਭਰਾ, ਇੱਕ ਸੰਭਾਲੀ ਨਹੀਂ ਜਾਂਦੀ ਅਤੇ ਤੂੰ ਦੋ ਕਰਨ 'ਤੇ ਤੁਲਿਆ ਹੋਇਆ ਏਂ।"

*********

ਬੇਟਾ, "ਪਾਪਾ, ਮੈਨੂੰ ਮੋਟਰ ਸਾਈਕਲ ਲਿਆ ਦਿਓ।"
ਪਾਪਾ, "ਸ਼ਰਮਾ ਜੀ ਦੀ ਕੁੜੀ ਨੂੰ ਦੇਖ, ਬਸ ਵਿੱਚ ਜਾਂਦੀ ਹੈ ਉਹ।"
ਬੇਟਾ, "ਪਾਪਾ, ਉਹੀ ਤਾਂ ਦੇਖਿਆ ਨਹੀਂ ਜਾਂਦੀ।"

*********

ਕਾਲੂ, "ਤੂੰ ਆਪਰੇਸ਼ਨ ਕਰਵਾਏ ਬਿਨਾਂ ਹੀ ਹਸਪਤਾਲ ਵਿੱਚੋਂ ਭੱਜ ਕਿਉਂ ਗਿਆਂ?"
ਮੋਨੂੰ, "ਨਰਸ ਵਾਰ-ਵਾਰ ਕਹਿ ਰਹੀ ਸੀ ਕਿ ਡਰ ਨਾ, ਹਿੰਮਤ ਰੱਖ। ਕੁਝ ਨਹੀਂ ਹੋਵੇਗਾ। ਇਹ ਬਸ ਛੋਟਾ ਜਿਹਾ ਆਪਰੇਸ਼ਨ ਹੈ।"
ਕਾਲੂ, "ਇਸ 'ਚ ਡਰਨ ਵਾਲੀ ਕਿਹੜੀ ਗੱਲ ਹੈ? ਠੀਕ ਹੀ ਤਾਂ ਕਹਿ ਰਹੀ ਸੀ ਨਰਸ।"
ਮੋਨੂੰ, "ਉਹ ਮੈਨੂੰ ਨਹੀਂ, ਡਾਕਟਰ ਨੂੰ ਕਹਿ ਰਹੀ ਸੀ।"

*********

ਕਿਰਨ ਕੁਮਾਰੀ, "ਉਹ ਕਿਹੜੀ ਸ਼ਕਤੀ ਸੀ, ਜਿਸ ਨੇ ਤੈਨੂੰ ਪਤਨੀ ਨਾਲ ਸਮਝੌਤਾ ਕਰਨ ਨੂੰ ਮਜਬੂਰ ਕੀਤਾ?"
ਵਿੱਕੀ ਮਲਹੋਤਰਾ, "ਪਾਣੀ ਦੀ ਸ਼ਕਤੀ।"
ਕਿਰਨ ਕੁਮਾਰੀ, "ਠੀਕ-ਠੀਕ ਦੱਸੋ, ਮਜ਼ਾਕ ਨਾ ਕਰੋ।"
ਵਿੱਕੀ ਮਲਹੋਤਰਾ, "ਮੈਂ ਸੱਚ ਕਹਿ ਰਿਹਾ ਹਾਂ। ਮੈਂ ਉਸ ਦੇ ਹੰਝੂ ਸਹਿਣ ਨਹੀਂ ਕਰ ਸਕਦਾ।"

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ

647-998-7500
ਬਲਵਿੰਦਰ


Avtar Uppal
Manager
UPPAL LAW
FREE CONSULTATION !

Aman Uppal
BARRISTER, SOLICITOR
IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6


FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada


For more Information Contact
Rajdeep: 647.707.4167
Office: 905.678.2424


Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection


ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777

31 Melanie Dr. Unit #4 Brampton, ON L6T 5H8
Avtar Singh Tiwana
Sales Rep


SOLD
$645,000
Darcel/Brandon Gate
ਬਹੁਤ ਹੀ ਸੋਹਣਾ 3+1 ਬੈਡਰੂਮ, 2 ਵਾਸ਼ਰੂਮ ਦਾ ਸੈਮੀ ਡਿਟੈਚ ਘਰ, ਨਵੇਂ ਫਰੰਟ ਡੋਰ, ਈਟ ਇਨ ਕਿਚਨ, ਕੈਲੀਫੋਰਨੀਆ ਸ਼ਟਰਜ਼, ਸਹੂਲਤਾਂ ਵਿੱਚ ਗਰਾਜ ਉਪਨਰ, ਫਰਨਿਸ, ਲੈਮੀਨੇਟਡ ਫਲੋਰ।


FOR SALE
$799,900
Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।


FOR SALE
$3,249,000
Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।


FOR SALE
$1,129,900
Castlemore/Goreway
4 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਡਿਟੈਚਡ ਘਰ, 3500 ਸਕੇਅਰ ਫੁੱਟ, ਹਾਰਡਵੁਡ ਫਲੋਰ, ਮੇਨ ਫਲੋਰ ਨੂੰ ਡੇਨ, ਬੇਸਮੈਂਟ ਨੂੰ ਸੈਪਰੇਟ ਏਨਟਰੈਂਸ। ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਮਾਲ ਆਦਿ ਦੇ ਨੇੜੇ।




# ਜਿਸ ਨੂੰ ਲਾਸ਼ਾਂ ਦੇ ਢੇਰ ਵਿੱਚ ਲੱਭਦੇ ਰਹੇ, ਦਿੱਲੀ ਤੋਂ ਜ਼ਿੰਦਾ ਮਿਲ ਗਿਆ

ਅੰਮ੍ਰਿਤਸਰ, 24 ਅਕਤੂਬਰ (ਪੋਸਟ ਬਿਊਰੋ)- ਦਸਹਿਰੇ ਵਾਲੇ ਦਿਨ ਜੌੜਾ ਫਾਟਕ ਰੇਲ ਹਾਦਸੇ ਵਿੱਚ 62 ਮੌਤਾਂ ਹੋਣ ਦੇ ਬਾਅਦ ਲੋਕ ਬਦਹਵਾਸ ਲਾਸ਼ਾਂ ਦੇ ਢੇਰਾਂ ਉਤੇ ਆਪਣਿਆਂ ਦੀ ਤਲਾਸ਼ ਕਰਦੇ ਰਹੇ। ਮਨ ਵਿੱਚ ਡਰ ਸੀ ਕਿ ਕਿਤੇ ਉਨ੍ਹਾਂ ਦਾ ਕੋਈ ਆਪਣਾ ਤਾਂ ਨਹੀਂ ਮਾਰਿਆ ਗਿਆ। ਇਨ੍ਹਾਂ ਲੱਭਣ ਵਾਲਿਆਂ ਵਿੱਚ ਤਰਨ ਤਾਰਨ ਦੇ ਪਿੰਡ ਨੌਸ਼ਹਿਰਾ ਪੰਨੂਆਂ ਦੇ ਫੂਲ ਸਿੰਘ ਵੀ ਸਨ, ਜੋ ਲਾਸ਼ਾਂ ਦੇ ਢੇਰ ਵਿੱਚ ਆਪਣੇ ਬੇਟੇ ਨੂੰ ਲੱਭ ਰਹੇ ਸਨ। ਉਨ੍ਹਾਂ ਦਾ 13 ਸਾਲ ਦਾ ਬੇਟਾ ਅਰਸ਼ਦੀਪ ਸਿੰਘ ਘਰ ਤੋਂ ਨਿਕਲਿਆ ਸੀ ਅਤੇ ਵਾਪਸ ਨਹੀਂ ਸੀ ਆਇਆ।

ਜਦੋਂ ਇਹ ਹਾਦਸਾ ਹੋਇਆ ਤਾਂ ਉਸ ਸਮੇਂ ਉਹ ਟਿੱਕੀ ਦੀ ਰੇਹੜੀ ਲਾ ਕੇ ਬੈਠੇ ਸਨ। ਕੰਮ ਛੱਡ ਕੇ ਰੇਲਵੇ ਟਰੈਕ 'ਤੇ ਪਹੁੰਚੇ ਫੂਲ ਸਿੰਘ ਦੇ ਅਨੁਸਾਰ ਅਰਸ਼ਦੀਪ ਨਿੱਕੀ ਜਿਹੀ ਗੱਲ ਤੋਂ ਨਾਰਾਜ਼ ਹੋ ਕੇ ਘਰੋਂ ਚਲਾ ਗਿਆ ਸੀ। ਜਦ ਰੇਲਵੇ ਟਰੈਕ 'ਤੇ ਪਹੁੰਚੇ ਤਾਂ ਚੀਕਾਂ ਤੇ ਮੌਤ ਪੱਸਰੀ ਹੋਈ ਸੀ। ਹਰ ਸ਼ਖਸ ਲਾਸ਼ਾਂ ਦੇ ਢੇਰ ਵਿੱਚ ਆਪਣਿਆਂ ਨੂੰ ਲੱਭ ਰਿਹਾ ਸੀ। ਮੈਂ ਵੀ ਉਨ੍ਹਾਂ ਲਾਸ਼ਾਂ ਵਿੱਚ ਬੇਟੇ ਨੂੰ ਲੱਭਦਾ ਰਿਹਾ। ਰਾਤ 12 ਵਜੇ ਤੱਕ ਰੇਲਵੇ ਟਰੈਕ 'ਤੇ ਲੱਭਿਆ, ਪਰ ਉਸ ਦਾ ਪਤਾ ਨਹੀਂ ਲੱਗ ਸਕਿਆ। ਫਿਰ ਮੈਂ ਗੁਰੂ ਨਾਨਕ ਦੇਵ ਹਸਪਤਾਲ ਵੀ ਗਿਆ। ਇਥੇ ਮੈਂ ਦੋ ਲਾਸ਼ਾਂ ਦੇਖੀਆਂ, ਜਿਨ੍ਹਾਂ ਦਾ ਚਿਹਰਾ ਇੰਨਾ ਖਰਾਬ ਹੋ ਚੁੱਕਾ ਸੀ ਕਿ ਪਛਾਣ ਕਰਨੀ ਮੁਸ਼ਕਲ ਸੀ। ਫਿਰ ਮੈਂ ਸੋਸ਼ਲ ਵਰਕਰ ਮੰਜੂ ਗੁਪਤਾ ਨੂੰ ਫੋਨ ਕਰ ਕੇ ਅਰਸ਼ਦੀਪ ਨੂੰ ਲੱਭਣ ਲਈ ਕਿਹਾ। ਉਨ੍ਹਾਂ ਨੇ ਸੋਸ਼ਲ ਮੀਡੀਆ ਉਤੇ ਅਰਸ਼ਦੀਪ ਦੀ ਫੋਟੋ ਅਪਲੋਡ ਕਰ ਕੇ ਮਦਦ ਮੰਗੀ। ਮੰਜੂ ਗੁਪਤਾ ਅਨੁਸਾਰ ਕੱਲ੍ਹ ਸਵੇਰੇ ਹੀ ਪਤਾ ਲੱਗਾ ਕਿ ਅਰਸ਼ਦੀਪ ਦਿੱਲੀ ਵਿੱਚ ਸੁਰੱਖਿਅਤ ਹੈ।

# ਜੰਗੀ ਸ਼ਹੀਦਾਂ ਦੀਆਂ ਵਿਧਵਾਵਾਂ ਲਈ 50 ਲੱਖ ਰੁਪਏ ਮੁਆਵਜ਼ਾ ਹਾਈ ਕੋਰਟ ਨੇ ਜਾਇਜ਼ ਮੰਨਿਆ

ਚੰਡੀਗੜ੍ਹ, 24 ਅਕਤੂਬਰ (ਪੋਸਟ ਬਿਊਰੋ)- ਮੁੱਖ ਮੰਤਰੀ ਦੀ ਸਰਕਾਰੀ ਰਿਹਾਇਸ਼ ਵਿਖੇ ਧਰਨਾ ਦੇਣ ਪਿੱਛੋਂ ਜੰਗੀ ਸ਼ਹੀਦਾਂ ਦੀਆਂ ਵਿਧਵਾਵਾਂ ਨੂੰ ਜ਼ਮੀਨਾਂ ਦੀ ਮੰਗ ਦੇ ਨਿਪਟਾਰੇ ਲਈ ਅਕਾਲੀ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਨੂੰ ਹਾਈ ਕੋਰਟ ਨੇ ਸਹੀ ਮੰਨ ਕੇ 50-50 ਲੱਖ ਰੁਪਏ ਮੁਆਵਜ਼ੇ ਨੂੰ ਜਾਇਜ਼ ਆਖਿਆ ਹੈ। ਇਸ ਦੇ ਨਾਲ 10-10 ਏਕੜ ਜ਼ਮੀਨ ਤੇ ਇਕ-ਇਕ ਕਰੋੜ ਰੁਪਏ ਹਰਜਾਨੇ ਦੀ ਮੰਗ ਕਰਦੀ ਪਟੀਸ਼ਨ ਦਾ ਨਿਪਟਾਰਾ ਕਰ ਦਿੱਤਾ ਗਿਆ ਹੈ।

ਵਰਨਣ ਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ 50-50 ਲੱਖ ਰੁਪਏ ਦੇ ਨੋਟੀਫਿਕੇਸ਼ਨ ਨੂੰ ਚੁਣੌਤੀ ਦਿੰਦਿਆਂ ਇਸ ਨੂੰ ਸੁਪਰੀਮ ਕੋਰਟ ਅਤੇ ਹਾਈ ਕੋਰਟ ਦੇ ਹੁਕਮਾਂ ਦੀ ਉਲੰਘਣਾ ਕਰਾਰ ਦਿੱਤਾ ਗਿਆ ਸੀ। ਪਟੀਸ਼ਨ 'ਚ ਮੰਗ ਕੀਤੀ ਗਈ ਸੀ ਕਿ 10-10 ਏਕੜ ਜ਼ਮੀਨ ਦਿੱਤੀ ਜਾਵੇ ਜਾਂ ਮਾਰਕੀਟ ਰੇਟ ਦੇ ਮੁਤਾਬਕ ਮੁਆਵਜ਼ਾ ਦਿੱਤਾ ਜਾਵੇ ਅਤੇ ਨਾਲ ਇਕ-ਇਕ ਕਰੋੜ ਰੁਪਏ ਹਰਜਾਨਾ ਵੀ ਦਿੱਤਾ ਜਾਣਾ ਚਾਹੀਦਾ ਹੈ। ਮੁਹਾਲੀ ਜ਼ਿਲੇ ਦੇ ਪਿੰਡ ਸੋਹਾਣਾ ਦੇ ਐਡਵੋਕੇਟ ਹਰਬਿੰਦਰ ਸਿੰਘ ਬੈਦਵਾਨ ਨੇ ਲੋਕ ਹਿੱਤ ਪਟੀਸ਼ਨ ਦਾਖਲ ਕਰਕੇ ਹਾਈ ਕੋਰਟ ਦਾ ਧਿਆਨ ਦਿਵਾਇਆ ਸੀ ਕਿ ਚੀਨ ਨਾਲ 1962 ਵਿੱਚ, ਪਾਕਿਸਤਾਨ ਨਾਲ 1965 ਅਤੇ 1971 'ਚ ਹੋਈਆਂ ਲੜਾਈਆਂ ਵਿੱਚ ਸ਼ਹੀਦ ਹੋਏ ਫੌਜੀਆਂ, ਪੁਲਸ ਜਵਾਨਾਂ ਅਤੇ ਨੀਮ ਫੌਜੀ ਦਸਤਿਆਂ ਦੇ ਜਵਾਨਾਂ ਦੀਆਂ ਵਿਧਵਾਵਾਂ, ਬੱਚਿਆਂ ਤੇ ਮਾਪਿਆਂ ਨੂੰ ਪੇਂਡੂ ਖੇਤਰ ਵਿੱਚ 10-10 ਏਕੜ ਜ਼ਮੀਨ ਦੇਣ ਦਾ ਨਿਯਮ ਬਣਾਇਆ ਗਿਆ ਸੀ। ਇਸ ਨਿਯਮ 'ਚ ਤਜਵੀਜ਼ ਸੀ ਕਿ ਆਸਰਿਤਾਂ ਨੂੰ ਦਿੱਤੀ ਜਾਣ ਵਾਲੀ ਜ਼ਮੀਨ ਮਾਰਕੀਟ



ਰੇਟ ਵਾਲੀ ਹੋਣੀ ਚਾਹੀਦੀ ਹੈ। 27 ਜਨਵਰੀ 1976 ਤੱਕ ਅਰਜ਼ੀਆਂ ਮੰਗੀਆਂ ਤੇ 1527 ਅਰਜ਼ੀਆਂ ਆਈਆਂ ਸਨ। ਕੁਝ ਕਾਰਨਾਂ ਕਰਕੇ ਕਈ ਵਿਧਵਾਵਾਂ ਅਰਜ਼ੀ ਦੇਣ ਤੋਂ ਰਹਿ ਗਈਆਂ ਸਨ। ਅਜਿਹੇ 100 ਟੱਬਰ ਚਾਰ ਜਨਵਰੀ 2010 ਤੱਕ ਸਰਕਾਰ ਕੋਲ ਆਏ, ਪਰ ਕਈ ਹੱਕਦਾਰ ਜ਼ਮੀਨ ਹਾਸਲ ਕਰਨੋਂ ਰਹਿ ਗਏ ਤਾਂ ਉਨ੍ਹਾਂ ਦੇ ਧਰਨੇ ਪਿੱਛੋਂ ਸਰਕਾਰ ਨੇ ਇਕ ਨੋਟੀਫਿਕੇਸ਼ਨ ਜਾਰੀ ਕਰਕੇ ਜ਼ਮੀਨ ਬਦਲੇ ਪੰਜ ਲੱਖ ਰੁਪਏ ਏਕੜ ਦੇ ਹਿਸਾਬ 50-50 ਲੱਖ ਰੁਪਏ ਦੇਣ ਦਾ ਨਿਯਮ ਬਣਾਇਆ ਸੀ ਅਤੇ ਉਹ ਵੀ 20 ਲੱਖ ਰੁਪਏ ਇਕੱਠੇ ਤੇ ਬਾਕੀ 30 ਲੱਖ ਰੁਪਏ 15-15 ਲੱਖ ਰੁਪਏ ਦੀਆਂ ਦੋ ਕਿਸ਼ਤਾਂ 'ਚ ਦੇਣਾ ਤੈਅ ਕੀਤਾ ਗਿਆ ਸੀ। ਇਸ ਨੂੰ ਪਟੀਸ਼ਨ ਕਰਤਾ ਨੇ ਨਾਕਾਫੀ ਤੇ ਨਿਯਮਾਂ ਦੇ ਉਲਟ ਕਰਾਰ ਦਿੰਦਿਆਂ ਹਾਈ ਕੋਰਟ ਦਾ ਧਿਆਨ ਦਿਵਾਇਆ ਸੀ ਕਿ ਸੁਪਰੀਮ ਕੋਰਟ ਨੇ ਫੈਸਲੇ 'ਚ ਕਿਹਾ ਸੀ ਕਿ ਸਰਕਾਰ ਨੇ ਜੋ ਵਾਅਦਾ ਇਕ ਵਾਰ ਕਰ ਲਿਆ, ਉਸ 'ਤੇ ਕਾਇਮ ਰਹਿਣਾ ਜ਼ਰੂਰੀ ਹੈ। ਇਸ ਲਈ ਪਹਿਲਾਂ ਵਾਂਗ ਮਾਰਕੀਟ ਰੇਟ ਦੀ 10 ਏਕੜ ਜ਼ਮੀਨ ਦੇਣ ਦੇ ਵਾਅਦੇ 'ਤੇ ਕਾਇਮ ਰਹਿਣਾ ਚਾਹੀਦਾ ਹੈ।

ਦੂਜਾ ਜਸਬੀਰ ਕੌਰ ਨਾਂਅ ਦੀ ਇਕ 'ਵਾਰ ਵਿੱਡੋ' ਦੀ ਪਟੀਸ਼ਨ ਉਤੇ ਹਾਈ ਕੋਰਟ ਨੇ 10 ਏਕੜ ਜ਼ਮੀਨ ਦੇਣ ਦਾ ਹੁਕਮ ਪੰਜਾਬ ਸਰਕਾਰ ਨੂੰ ਦਿੱਤਾ ਸੀ। ਇਸ ਨਾਲ ਦਲੀਲ ਸੀ ਕਿ ਇਨ੍ਹਾਂ ਦੋਵੇਂ ਫੈਸਲਿਆਂ 'ਤੇ ਕਾਇਮ ਰਹਿਣਾ ਸਰਕਾਰ ਦੀ ਡਿਊਟੀ ਹੈ, ਪਰ ਨੋਟੀਫਿਕੇਸ਼ਨ ਨਾਲ ਸਿਰਫ 50 ਲੱਖ ਰੁਪਏ ਦੇਣਾ ਗਲਤ ਹੈ। ਹਾਈ ਕੋਰਟ ਤੋਂ ਮੰਗ ਕੀਤੀ ਗਈ ਸੀ ਕਿ ਰਹਿ ਗਏ ਹੱਕਦਾਰਾਂ ਨੂੰ ਇਨਸਾਫ ਨਾ ਮਿਲਣ ਕਰਕੇ ਹੋਏ ਨੁਕਸਾਨ ਬਦਲੇ ਇਕ-ਇਕ ਕਰੋੜ ਰੁਪਏ ਦਿੱਤੇ ਜਾਣ ਤੇ ਨਾਲ ਹਰਜਾਨਾ ਵੱਖਰਾ ਦਿੱਤਾ ਜਾਵੇ ਅਤੇ 10 ਏਕੜ ਜ਼ਮੀਨ ਤਾਂ ਦੇਣੀ ਚਾਹੀਦੀ ਹੈ, ਜੇ ਜ਼ਮੀਨ ਨਹੀਂ ਤਾਂ ਮਾਰਕੀਟ ਕੀਮਤ ਜਿੰਨੀ ਰਾਸ਼ੀ ਦਿੱਤੀ ਜਾਵੇ। ਹਾਈ ਕੋਰਟ ਨੇ ਸਰਕਾਰ ਦਾ ਜਵਾਬ ਪਰਖਣ ਪਿੱਛੋਂ ਕਿਹਾ ਕਿ ਪਹਿਲਾਂ ਇਕ ਲੱਖ ਰੁਪਏ ਪ੍ਰਤੀ ਏਕੜ ਮੁਆਵਜ਼ਾ ਸੀ ਅਤੇ ਸਰਕਾਰ ਨੇ ਇਸ ਨੂੰ ਵਧਾ ਕੇ ਪੰਜ ਲੱਖ ਕਰ ਦਿੱਤਾ ਸੀ, ਇਸ ਲਈ ਸਰਕਾਰ ਵੱਲੋਂ ਵਧਾਇਆ ਮੁਆਵਜ਼ਾ ਜਾਇਜ਼ ਸੀ ਅਤੇ ਪਟੀਸ਼ਨ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ।

# ਇੰਪਰੂਵਮੈਂਟ ਟਰੱਸਟ ਜਾਇਦਾਦ ਦੀ ਕੀਮਤ ਘਟਾ ਕੇ ਨੀਲਾਮ ਕਰ ਦੇਵੇਗਾ

ਜਲੰਧਰ, 24 ਅਕਤੂਬਰ (ਪੋਸਟ ਬਿਊਰੋ)- ਆਰਥਿਕ ਮੰਦੀ ਵਿੱਚ ਫਸਿਆ ਇੰਪਰੂਵਮੈਂਟ ਟਰੱਸਟ ਆਪਣੇ ਸਿਰ ਕਰੋੜਾਂ ਰੁਪਏ ਦੀ ਦੇਣਦਾਰੀ ਨਾਲ ਦੱਬਿਆ ਹੋਇਆ ਹੈ। ਕਰੀਬ 112 ਕਰੋੜ ਰੁਪਏ ਤੋਂ ਵੱਧ ਦੇ ਬੈਂਕ ਕਰਜ਼ੇ ਦੇ ਨਾਲ ਸ਼ੁਰੂਆਤੀ ਤੌਰ 'ਤੇ ਇੰਪਰੂਵਮੈਂਟ ਟਰੱਸਟ ਨੂੰ ਸੂਰਿਆ ਇਨਕਲੇਵ ਐਕਸਟੈਂਸ਼ਨ ਸਕੀਮ ਦੀ 100 ਕਰੋੜ ਤੋਂ ਵੱਧ ਦੀ ਇਨਹਾਂਸਮੈਂਟ ਰਕਮ ਦਾ ਭੁਗਤਾਨ ਕਰਨਾ ਹੈ। ਇਸ ਦੇ ਲਈ ਆਮਦਨ ਦਾ ਕੋਈ ਸਾਧਨ ਨਾ ਲੱਭਣ ਕਾਰਨ ਟਰੱਸਟ ਪ੍ਰਸ਼ਾਸਨ ਨੇ ਕਰੀਬ 240 ਕਰੋੜ ਰੁਪਏ ਦੀਆਂ ਜਾਇਦਾਦਾਂ ਦੀ ਨੀਲਾਮੀ ਦਾ ਫੈਸਲਾ ਲਿਆ ਹੈ।

ਟਰੱਸਟ ਦੀ ਈ ਓ ਸੁਰਿੰਦਰ ਕੁਮਾਰੀ ਨੇ ਦੱਸਿਆ ਕਿ ਸਰਕਾਰ ਨੇ ਜਾਇਦਾਦਾਂ ਦੀ ਨੀਲਾਮੀ ਦੀ ਮਨਜ਼ੂਰੀ ਮਿਲ ਗਈ ਹੈ। ਉਨ੍ਹਾਂ ਦੱਸਿਆ ਕਿ ਟਰੱਸਟ ਨੇ ਇਸ ਤੋਂ ਪਹਿਲਾਂ ਜਿਨ੍ਹਾਂ ਜਾਇਦਾਦਾਂ ਦੀ ਨੀਲਾਮੀ ਕਰਾਈ ਸੀ, ਉਨ੍ਹਾਂ ਵਿੱਚੋਂ ਬੜੀ ਘੱਟ ਪ੍ਰਾਪਰਟੀ ਹੀ ਵਿਕ ਸਕੀ ਹੈ। ਸਮਝਿਆ ਜਾਂਦਾ ਹੈ ਕਿ ਕੀਮਤ ਵੱਧ ਹੋਣ ਕਾਰਨ ਲੋਕਾਂ ਨੇ ਨੀਲਾਮੀ ਵਿੱਚ ਰੁਚੀ ਨਹੀਂ ਦਿਖਾਈ। ਇਸ ਬਾਰੇ ਟਰੱਸਟ ਨੇ ਸਰਕਾਰ ਨੂੰ ਜਾਣੂ ਕਰਵਾ ਦਿੱਤਾ ਸੀ ਅਤੇ ਸਰਕਾਰ ਨੇ ਪ੍ਰਾਪਰਟੀ ਦੀਆਂ ਕੀਮਤਾਂ ਤੈਅ ਕਰਨ ਦਾ ਇੱਕ ਫਾਰਮੂਲਾ ਦਿੱਤਾ ਹੈ। ਇਸ ਦੇ ਆਧਾਰ 'ਤੇ ਪ੍ਰਾਪਰਟੀਜ਼ ਦੀਆਂ ਕੀਮਤਾਂ ਕੁਝ ਘੱਟ ਹੋਣ ਦੀ ਸੰਭਾਵਨਾ ਹੈ।

ਟਰੱਸਟ ਦੇ ਸੂਤਰਾਂ ਮੁਤਾਬਕ 240 ਕਰੋੜ ਰੁਪਏ ਦੀ ਜਾਇਦਾਦਾਂ ਦੀ ਨੀਲਾਮੀ ਹੋਣੀ ਹੈ। ਇਨ੍ਹਾਂ ਜਾਇਦਾਦਾਂ ਦੀਆਂ ਕੀਮਤਾਂ ਨੂੰ ਨਵੇਂ ਸਿਰੇ ਤੋਂ ਤੈਅ ਕਰਨ ਅਤੇ ਕੁਝ ਘੱਟ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਈ ਓ ਸੁਰਿੰਦਰ ਕੁਮਾਰੀ ਨੇ ਦੱਸਿਆ ਕਿ ਪ੍ਰਕਿਰਿਆ ਪੂਰੀ ਹੋਣ ਦੇ ਬਾਅਦ ਪ੍ਰਸਤਾਵ ਬਣਾ ਕੇ ਸਰਕਾਰ ਨੂੰ ਮਨਜ਼ੂਰੀ ਲਈ ਭੇਜਿਆ ਜਾਏਗਾ। ਸਰਕਾਰ ਨੂੰ ਮਨਜ਼ੂਰੀ ਮਿਲਣ ਦੇ ਬਾਅਦ ਨੀਲਾਮੀ ਕਰਾ ਦਿੱਤੀ ਜਾਏਗੀ।

## ਹਾਦਸੇ ਵਾਲੀ ਗੱਡੀ ਦਾ ਡਰਾਈਵਰ, ਗਾਰਡ, ਗੇਟਮੈਨ ਛੁੱਟੀ ਉਤੇ ਭੇਜੇ

ਫਿਰੋਜ਼ਪੁਰ, 24 ਅਕਤੂਬਰ (ਪੋਸਟ ਬਿਊਰੋ)- ਬੀਤੀ 19 ਅਕਤੂਬਰ ਨੂੰ ਦਸਹਿਰੇ ਮੌਕੇ ਜਿਹੜੀ ਡੀ ਐੱਮ ਯੂ ਯਾਤਰੀ ਗੱਡੀ ਹੇਠ ਆਣ ਕੇ 60 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਸੀ, ਰੇਲਵੇ ਵਿਭਾਗ ਨੇ ਉਸ ਗੱਡੀ ਦੇ ਡਰਾਈਵਰ, ਗਾਰਡ ਤੇ ਜੌੜਾ ਫਾਟਕ ਵਾਲੇ ਗੇਟਮੈਨ ਨੂੰ ਛੁੱਟੀ 'ਤੇ ਭੇਜ ਦਿੱਤਾ ਹੈ। ਇਸ ਸੰਬੰਧ ਵਿੱਚ ਰੇਲਵੇ ਸੂਤਰਾਂ ਦਾ ਕਹਿਣਾ ਹੈ ਕਿ ਰੇਲਵੇ ਨੇ ਇਹ ਕਦਮ ਇੰਨਾਂ ਤਿੰਨਾਂ ਦੀ ਸੁਰੱਖਿਆ ਤੇ ਲੋਕਾਂ ਦੇ ਗੁੱਸੇ ਦਾ ਖਿਆਲ ਕਰ ਕੇ ਚੁੱਕਿਆ ਹੈ ਤਾਂ ਕਿ ਕੋਈ ਵੀ ਵਿਅਕਤੀ ਜਾਂ ਪੀੜਤ ਪਰਵਾਰ ਦੇ ਮੈਂਬਰ ਉਨ੍ਹਾਂ 'ਤੇ ਜਾਨਲੇਵਾ ਹਮਲਾ ਨਾ ਕਰ ਦੇਣ। ਰੇਲਵੇ ਨੇ ਜਿਨ੍ਹਾਂ ਲੋਕਾਂ ਨੂੰ ਛੁੱਟੀ ਭੇਜਿਆ ਹੈ, ਇਨ੍ਹਾਂ ਵਿੱਚ ਟਰੇਨ ਡਰਾਈਵਰ ਅਰਵਿੰਦ ਕੁਮਾਰ, ਟਰੇਨ ਦੇ ਗਾਰਡ ਮਿਥਲੇਸ਼ ਕੁਮਾਰ ਅਤੇ ਘਟਨਾ ਵਾਲੀ ਜਗ੍ਹਾ ਤੋਂ ਲਗਭਗ 400 ਮੀਟਰ ਦੂਰੀ ਵਾਲੇ ਗੇਟ ਨੰਬਰ 27 ਦੇ ਗੇਟਮੈਨ ਅਮਿਤ ਸਿੰਘ ਦੇ ਨਾਂਅ ਸ਼ਾਮਲ ਹਨ। ਫਿਰੋਜ਼ਪੁਰ ਡਵੀਜ਼ਨ ਦੇ ਏ ਡੀ ਆਰ ਐੱਮ ਨਰੇਸ਼ ਕੁਮਾਰ ਵਰਮਾ ਦਾ ਕਹਿਣਾ ਹੈ ਕਿ ਰੇਲਵੇ ਨੇ ਟਰੇਨ ਦੇ ਡਰਾਈਵਰ, ਗਾਰਡ ਅਤੇ ਗੇਟਮੈਨ ਦੀ ਸੁਰੱਖਿਆ ਵਾਸਤੇ ਹੀ ਉਨ੍ਹਾਂ ਨੂੰ ਫਿਲਹਾਲ ਡਿਊਟੀ ਤੋਂ ਦੂਰ ਰਹਿਣ ਨੂੰ ਕਿਹਾ ਹੈ।

# ਬਾਦਲ ਪਰਵਾਰ ਨੇ ਲੋਕਾਂ ਦੇ ਵਿਰੋਧ ਕਾਰਨ ਜਨਤਕ ਸਮਾਰੋਹਾਂ ਤੋਂ ਪਾਸਾ ਵੱਟ ਲਿਆ

ਬਠਿੰਡਾ, 24 ਅਕਤੂਬਰ (ਪੋਸਟ ਬਿਊਰੋ)- ਲੋਕਾਂ ਦੇ ਰੋਹ ਕਾਰਨ ਬਾਦਲ ਪਰਵਾਰ ਅੱਜ ਕੱਲ੍ਹ ਜਨਤਕ ਪ੍ਰੋਗਰਾਮਾਂ ਤੋਂ ਪਾਸਾ ਵੱਟਣ ਲੱਗ ਪਿਆ ਹੈ, ਜਦੋਂ ਕਿ ਵਿਆਹਾਂ ਦੇ ਸਮਾਰੋਹਾਂ ਉੱਤੇ ਹਾਜ਼ਰੀ ਭਰ ਰਿਹਾ ਹੈ।



ਵਰਨਣ ਯੋਗ ਹੈ ਕਿ ਅਕਾਲੀ ਦਲ ਨੇ ਪਟਿਆਲਾ ਰੈਲੀ ਪਿੱਛੋਂ ਬਠਿੰਡਾ ਮਾਨਸਾ ਵਿੱਚ ਕੋਈ ਜਨਤਕ ਸਮਾਰੋਹ ਨਹੀਂ ਰੱਖਿਆ, ਪਰ ਬਾਦਲ ਪਰਵਾਰ ਲੋਕਾਂ ਦੇ ਨਿੱਜੀ ਸਮਾਗਮਾਂ ਤੋਂ ਨਹੀਂ ਖੁੰਝਦਾ, ਖਾਸ ਕਰਕੇ ਪੁਰਾਣੇ ਅਕਾਲੀ ਆਗੂਆਂ ਤੇ ਵਰਕਰਾਂ ਦੇ ਸਮਾਰੋਹਾਂ ਨੂੰ ਪਹਿਲ ਦਿੱਤੀ ਜਾਣ ਲੱਗ ਪਈ ਹੈ। ਪਰਵਾਰ ਦੀ ਨੂੰਹ ਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਪਿਛਲੇ ਕੁਝ ਦਿਨਾਂ ਤੋਂ ਵਿਦੇਸ਼ ਦੇ ਸਰਕਾਰੀ ਦੌਰੇ ਉੱਤੇ ਗਏ ਹਨ, ਜਿਨ੍ਹਾਂ ਦੀ ਵਾਪਸੀ 26 ਅਕਤੂਬਰ ਦੱਸੀ ਜਾਂਦੀ ਹੈ। ਅੱਗੇ ਉਹ ਦੀਵਾਲੀ ਤੋਂ ਪਹਿਲਾਂ ਜਨਤਕ ਸਮਾਗਮ ਕਰਦੇ ਹੁੰਦੇ ਹਨ। ਹਰਸਿਮਰਤ ਕੌਰ ਬਾਦਲ ਨੇ ਬਠਿੰਡਾ ਜ਼ਿਲੇ ਵਿੱਚ ਆਖਰੀ ਵਾਰ 10 ਅਕਤੂਬਰ ਨੂੰ ਗੋਨਿਆਣਾ ਮੰਡੀ ਦੇ ਸਰਕਾਰੀ ਹਸਪਤਾਲ ਦਾ ਦੌਰਾ ਕੀਤਾ ਸੀ। ਉਸ ਮਗਰੋਂ 11 ਅਕਤੂਬਰ ਨੂੰ ਮਾਨਸਾ ਦਾ ਦੌਰਾ ਸੀ। ਲੋਕਾਂ ਦੀ ਸ਼ਮੂਲੀਅਤ ਵਾਲਾ ਕੋਈ ਸਮਾਗਮ ਪਿਛਲੇ ਸਮੇਂ ਤੋਂ ਰੱਖਿਆ ਨਹੀਂ ਗਿਆ।

ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਹਲਕੇ ਲੰਬੀ ਦਾ ਰੋਜ਼ ਦਾ ਟੂਰ ਪ੍ਰੋਗਰਾਮ ਪਹਿਲੀ ਅਕਤੂਬਰ ਤੋਂ ਬੰਦ ਕੀਤਾ ਪਿਆ ਹੈ। ਉਹ ਸੱਤ ਅਕਤੂਬਰ ਤੱਕ ਪਟਿਆਲਾ ਰੈਲੀ ਵਿੱਚ ਰੁੱਝੇ ਰਹੇ ਹਨ। ਉਸ ਤੋਂ ਪਹਿਲਾਂ ਬਠਿੰਡਾ ਤੇ ਮਾਨਸਾ ਵਿੱਚ ਵਰਕਰ ਮੀਟਿੰਗਾਂ ਕੀਤੀਆਂ ਸਨ। ਪਿਛਲੇ ਦਿਨਾਂ ਵਿੱਚ ਉਹ ਜਦੋਂ ਬੁਢਲਾਡਾ ਹਲਕੇ ਵਿੱਚ ਦੌਰੇ 'ਤੇ ਗਏ ਤਾਂ ਅਕਾਲੀ ਦਲ (ਅੰਮ੍ਰਿਤਸਰ) ਦੇ ਵਰਕਰਾਂ ਨੇ ਕਾਲੀਆਂ ਝੰਡੀਆਂ ਨਾਲ ਪ੍ਰਦਰਸ਼ਨ ਕੀਤਾ ਸੀ। ਬਾਦਲ ਅੱਜ ਕੱਲ੍ਹ ਪੁਰਾਣੇ ਆਕਲੀ ਆਗੂਆਂ ਅਤੇ ਵਰਕਰਾਂ ਦੇ ਸਮਾਜਿਕ ਪ੍ਰੋਗਰਾਮਾਂ ਮੌਕੇ ਹੀ ਹਾਜ਼ਰੀ ਭਰਦੇ ਹਨ, ਹੋਰ ਕਿਤੇ ਨਹੀਂ ਜਾਂਦੇ।

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਾਫੀ ਸਮੇਂ ਤੋਂ ਬਠਿੰਡਾ ਮਾਨਸਾ 'ਚ ਕੋਈ ਜਨਤਕ ਸਮਾਗਮ ਨਹੀਂ ਕੀਤਾ। ਕੁਝ ਦਿਨ ਪਹਿਲਾਂ ਉਨ੍ਹਾਂ ਨੇ ਪਿੰਡ ਬਾਦਲ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨਾਲ ਇੱਕ ਬੈਠਕ ਕੀਤੀ ਸੀ। ਪਤਾ ਲੱਗਾ ਹੈ ਕਿ ਹਾਲੇ ਅਕਾਲੀ ਦਲ ਦੇ ਹਲਕਾ ਇੰਚਾਰਜ ਵੀ ਜਨਤਕ ਸਮਾਗਮ ਨਹੀਂ ਰੱਖਦੇ, ਪਰ ਅਕਾਲੀ ਦਲ ਦੇ ਜੋ ਪੁਰਾਣੇ ਰੁੱਸੇ ਹੋਏ ਆਗੂਆਂ ਤੱਕ ਅਕਾਲੀ ਦਲ ਨੇ ਪਹੁੰਚ ਕਰਨੀ ਸ਼ੁਰੂ ਕੀਤੀ ਹੋਈ ਹੈ।

## ਰੇਲ ਹਾਦਸੇ ਪਿੱਛੋਂ ਟਰੈਕ 'ਤੇ ਪਿਆ ਸਾਮਾਨ ਚੋਰ ਲੈ ਗਏ

ਅੰਮ੍ਰਿਤਸਰ, 24 ਅਕਤੂਬਰ (ਪੋਸਟ ਬਿਊਰੋ)- ਦਸਹਿਰੇ ਮੌਕੇ ਜੌੜਾ ਫਾਟਕ ਵਾਲੇ ਰੇਲ ਹਾਦਸੇ ਮਗਰੋਂ ਜਿਥੇ ਕੁਝ ਲੋਕ ਜ਼ਖਮੀਆਂ ਨੂੰ ਹਸਪਤਾਲ ਲਿਜਾ ਰਹੇ ਸਨ, ਉਥੇ ਚੋਰਾਂ ਨੇ ਟਰੈਕ 'ਤੇ ਪਿਆ ਸਾਮਾਨ ਚੁੱਕ ਲਿਆ। ਹਾਦਸੇ ਮਗਰੋਂ ਟਰੈਕ 'ਤੇ ਲਾਸ਼ਾਂ ਤੇ ਤੜਫਦੇ ਜ਼ਖਮੀਆਂ ਨੂੰ ਹਸਪਤਾਲ ਪਹੁੰਚਾਉਣ ਦੀ ਥਾਂ ਚੋਰ ਉਨ੍ਹਾਂ ਦਾ ਸਾਮਾਨ ਲੈ ਗਏ। ਪਤਾ ਲੱਗਾ ਹੈ ਕਿ ਜਿਨ੍ਹਾਂ ਮ੍ਰਿਤਕਾਂ ਦਾ ਸਾਮਾਨ ਗਾਇਬ ਹੋਇਆ ਹੈ, ਉਨ੍ਹਾਂ ਦੇ ਪਰਵਾਰਕ ਜੀਅ ਵਿਛੋੜੇ ਵਿੱਚ ਰੋਂਦੇ ਪਏ ਹਨ। ਉਨ੍ਹਾਂ ਮੁਤਾਬਕ ਸਾਨੂੰ ਸਾਮਾਨ ਨਾਲ ਨਹੀਂ, ਉਨ੍ਹਾਂ ਨਾਲ ਮਤਲਬ ਹੈ, ਜਿਹੜੇ ਮਾਰੇ ਗਏ ਹਨ। 16 ਸਾਲਾ ਬੌਬੀ ਪਾਂਡੇ ਨੂੰ ਸਿਵਲ ਹਸਪਤਾਲ ਲਿਆਂਦਾ ਗਿਆ ਸੀ। ਉਸ ਦੀ ਘਟਨਾ ਸਥਾਨ 'ਤੇ ਮੌਤ ਹੋ ਚੁੱਕੀ ਸੀ। ਬੌਬੀ ਦਸਮੇਸ਼ ਨਗਰ ਦੀ ਗਲੀ ਨੰਬਰ 14 ਵਿੱਚ ਰਹਿੰਦਾ ਸੀ। 19 ਤਰੀਕ ਨੂੰ ਉਹ ਦੁਸਹਿਰਾ ਵੇਖਣ ਗਿਆ ਸੀ, ਉਹਦੇ ਕੋਲ ਮੋਬਾਈਲ ਫੋਨ ਸੀ, ਜਿਹੜਾ ਹਾਦਸੇ ਮਗਰੋਂ ਗਾਇਬ ਹੋ ਗਿਆ ਤੇ ਫਿਰ ਸਵਿੱਚ ਆਫ ਆਉਂਦਾ ਪਿਆ ਹੈ। ਜੌੜਾ ਫਾਟਕ ਰੇਲ ਹਾਦਸੇ ਦਾ ਸ਼ਿਕਾਰ ਬਣੇ ਸ਼ਰੀਫਪੁਰਾ ਦੇ ਵਾਸੂ ਦਾ ਮੋਬਾਈਲ ਫੋਨ ਤੇ ਚੇਨ ਗਾਇਬ ਹੈ। ਉਸ ਦੇ ਪਿਤਾ ਨੇ ਦੱਸਿਆ ਕਿ ਸਭ ਕੁਝ ਲੁੱਟਿਆ ਜਾਂਦਾ, ਕੋਈ ਗਮ ਨਹੀਂ ਸੀ, ਪਰ ਪੁੱਤਰ ਨਹੀਂ ਰਿਹਾ ਤਾਂ ਦੁਨੀਆ ਉਜੜ ਗਈ ਹੈ। 19 ਸਾਲਾ ਮਨੀਸ਼ ਵਾਸੀ ਜੌੜਾ ਫਾਟਕ ਧਰਮਪੁਰਾ ਦਾ ਮੋਬਾਈਲ ਫੋਨ ਨਹੀਂ ਮਿਲਿਆ। ਜ਼ਖਮੀ ਹੋਏ ਫੂਲ ਚੰਦ ਦਾ ਮੋਬਾਈਲ ਚੋਰਾਂ ਨੇ ਉਡਾ ਲਿਆ। ਉਸ ਨੇ ਦੱਸਿਆ ਕਿ ਹਾਦਸੇ ਵਿੱਚ ਉਹਦੇ ਪੈਰ ਦੀ ਹੱਡੀ ਤਿੜਕ ਗਈ ਸੀ। ਗੁਰੂ ਨਾਨਕ ਹਸਪਤਾਲ ਵਿੱਚ ਸ਼ੁੱਕਰਵਾਰ ਤੋਂ ਦਾਖਲ ਹੈ।

# ਸੜਕ ਹਾਦਸੇ ਵਿੱਚ ਅਧਿਆਪਕਾ ਦੀ ਜਾਨ ਗਈ

ਲੋਹੀਆਂ ਖਾਸ, 24 ਅਕਤੂਬਰ (ਪੋਸਟ ਬਿਊਰੋ)- ਲੋਹੀਆਂ ਬਲਾਕ ਦੇ ਪਿੰਡ ਮੁੰਡੀ ਚੋਹਲੀਆਂ ਦੇ ਪ੍ਰਾਇਮਰੀ ਸਕੂਲ ਵਿੱਚ ਪੜ੍ਹਾਉਂਦੀ ਅਧਿਆਪਕਾ ਦੀ ਸਕੂਲੋਂ ਮੁੜਦਿਆਂ ਸੜਕ ਹਾਦਸੇ ਵਿੱਚ ਮੌਤ ਹੋ ਗਈ।



ਸਿੰਮੀ ਪਤਨੀ ਸਨੀ ਵਾਸੀ ਵਿਜੇ ਨਗਰ ਫਾਜ਼ਿਲਕਾ ਨੇ ਦੱਸਿਆ ਕਿ ਮੈਂ ਅਤੇ ਮੇਰੀ ਸਹੇਲੀ ਸ਼ਬਨਮ ਪੁੱਤਰੀ ਰਾਜ ਕੁਮਾਰ ਵਾਸੀ ਰਾਧਾ ਸੁਆਮੀ ਕਲੋਨੀ ਫਾਜ਼ਿਲਕਾ ਪਿੰਡ ਸਾਬੂਵਾਲ ਵਿਖੇ ਕਿਰਾਏ ਦੇ ਮਕਾਨ ਵਿੱਚ ਰਹਿੰਦੀਆਂ ਸਾਂ। ਕੱਲ੍ਹ ਰੋਜ਼ ਵਾਂਗ ਸਕੂਲ ਗਈਆਂ ਤਾਂ ਵਾਲਮੀਕ ਸ਼ੋਭਾ ਯਾਤਰਾ ਕਰ ਕੇ ਅੱਧੀ ਛੁੱਟੀ ਦਾ ਐਲਾਨ ਹੋਣ ਕਾਰਨ ਦੁਪਹਿਰ 12 ਵਜੇ ਤੋਂ ਬਾਅਦ ਸਕੂਟਰੀ ਉੱਤੇ ਸਕੂਲੋਂ ਘਰ ਆ ਰਹੀਆਂ ਸਨ। ਸਾਬੂਵਾਲ ਰੋਡ ਕੋਲੋਂ ਟਰੱਕ ਲੰਘਣ ਕਰ ਕੇ ਸਕੂਟਰੀ ਬੇਕਾਬੂ ਹੋ ਗਈ, ਜਿਸ ਕਾਰਨ ਸ਼ਬਨਮ ਸਕੂਟਰੀ ਤੋਂ ਹੇਠਾਂ ਡਿੱਗ ਪਈ। ਉਸ ਦੇ ਸਿਰ ਵਿੱਚ ਗੰਭੀਰ ਸੱਟ ਲੱਗ ਗਈ ਅਤੇ ਜ਼ਖਮੀ ਹਾਲਤ 'ਚ ਉਸ ਨੂੰ ਇੱਕ ਨਿੱਜੀ ਹਸਪਤਾਲ ਵਿੱਚ ਲਿਆਂਦਾ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦਿੱਤਾ। ਥਾਣਾ ਮੁਖੀ ਸੁਰਿੰਦਰ ਕੁਮਾਰ ਨੇ ਦੱਸਿਆ ਕਿ ਸਿੰਮੀ ਦੇ ਬਿਆਨਾਂ ਦੇ ਆਧਾਰ 'ਤੇ ਧਾਰਾ 174 ਦੀ ਕਾਰਵਾਈ ਕੀਤੀ ਗਈ।

# ਪ੍ਰਧਾਨ ਮੰਤਰੀ ਮੁਦਰਾ ਯੋਜਨਾ ਦਾ ਜਾਅਲੀ ਦਫਤਰ ਸੀਲ, ਦੋ ਦੋਸ਼ੀ ਗ੍ਰਿਫਤਾਰ

ਬਰਨਾਲਾ, 24 ਅਕਤੂਬਰ (ਪੋਸਟ ਬਿਊਰੋ)- ਇਸ ਸ਼ਹਿਰ ਦੀ ਹੰਡਿਆਇਆ ਰੋਡ ਉਤੇ ਪ੍ਰਧਾਨ ਮੰਤਰੀ ਮੁਦਰਾ ਯੋਜਨਾ ਦੇ ਨਾਮ ਉਤੇ ਚੱਲਦੇ ਦਫਤਰ 'ਤੇ ਐਸ ਡੀ ਐਮ ਸੰਦੀਪ ਕੁਮਾਰ ਨੇ ਭਾਰੀ ਫੋਰਸ ਨਾਲ ਲੈ ਕੇ ਅਚਾਨਕ ਛਾਪਾ ਮਾਰਿਆ ਤਾਂ ਜਾਂਚ ਦੇ ਬਾਅਦ ਦਫਤਰ ਸੀਲ ਕਰ ਦਿੱਤਾ ਅਤੇ ਦੋ ਮੁਲਾਜ਼ਮਾਂ ਨੂੰ ਗ੍ਰਿਫਤਾਰ ਕਰਕੇ ਥਾਣੇ ਭੇਜਿਆ ਹੈ। ਐਸ ਡੀ ਐਮ ਸੰਦੀਪ ਕੁਮਾਰ ਨੇ ਦੱਸਿਆ ਕਿ ਇਹ ਲੋਕ ਪ੍ਰਧਾਨ ਮੰਤਰੀ ਮੁਦਰਾ ਯੋਜਨਾ ਦੇ ਤਹਿਤ ਲੋੜਵੰਦਾਂ ਦੀ ਵਿੱਤੀ ਮਦਦ ਦੀ



ਆੜ ਵਿੱਚ ਆਰਥਿਕ ਲੁੱਟ ਕਰ ਰਹੇ ਸਨ। ਇਕ ਫਾਈਲ ਤਿਆਰ ਕਰਨ ਬਦਲੇ ਉਹ ਗਰੀਬਾਂ ਤੋਂ ਤਿੰਨ ਹਜ਼ਾਰ ਰੁਪਏ ਲੈ ਰਹੇ ਸਨ ਅਤੇ ਕਰਜ਼ਾ ਕਿਸੇ ਨੂੰ ਨਹੀਂ ਦੇ ਰਹੇ ਸਨ। ਐਸ ਡੀ ਐਮ ਨੇ ਦੱਸਿਆ ਕਿ ਸ਼ਿਕਾਇਤ ਮਿਲਣ 'ਤੇ ਉਨ੍ਹਾਂ ਨੇ ਅਚਾਨਕ ਰੇਡ ਕੀਤੀ ਤੇ ਕਈ ਲੋਕਾਂ ਦੇ ਰੁਪਏ ਬਰਾਮਦ ਕਰਵਾਏ। ਉਨ੍ਹਾਂ ਦੱਸਿਆ ਕਿ ਫੜੇ ਗਏ ਦੋ ਦੋਸ਼ੀਆਂ ਕੇਸ਼ਵ ਕੁਮਾਰ ਅਤੇ ਰੋਹਿਤ ਕੁਮਾਰ ਨਿਵਾਸੀ ਬਰਨਾਲਾ ਨੂੰ ਪੁਲਸ ਹਵਾਲੇ ਕਰਕੇ ਕੇਸ ਰਜਿਸਟਰਡ ਕਰਨ ਦੇ ਹੁਕਮ ਦਿੱਤੇ ਗਏ ਹਨ। ਥਾਣਾ ਮੁਖੀ ਮਨਜੀਤ ਸਿੰਘ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਜਾਂਚ ਦੇ ਬਾਅਦ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਦੋਸ਼ੀ ਕਾਂਗਰਸ ਨੇਤਾਵਾਂ ਦੇ ਨੇੜੇ ਹੈ। ਇਸ ਕਾਰਨ ਕਾਂਗਰਸ ਨੇਤਾ ਅਧਿਕਾਰੀਆਂ 'ਤੇ ਸਿਆਸੀ ਦਬਾਅ ਪਾ ਰਹੇ ਹਨ।














# ਬੇਅਦਬੀ ਕੇਸ ਵਿੱਚ ਡੇਰਾ ਮੁਖੀ ਦੀ ਭੂਮਿਕਾ ਦੀ ਜਾਂਚ ਲਈ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ

ਚੰਡੀਗੜ੍ਹ, 24 ਅਕਤੂਬਰ (ਪੋਸਟ ਬਿਊਰੋ)- ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕੇਸ ਵਿੱਚ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਦੀ ਭੂਮਿਕਾ ਦੀ ਜਾਂਚ ਦੀ ਮੰਗ ਬਾਰੇ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਗਈ ਹੈ, ਜਿਸ ਉੱਤੇ ਹਾਈ ਕੋਰਟ ਨੇ ਸੁਣਵਾਈ 12 ਨਵੰਬਰ ਤਾਕ ਟਾਲਦੇ ਹੋਏ ਪੰਜਾਬ ਸਰਕਾਰ ਨੂੰ ਇਸ ਕੇਸ ਬਾਰੇ ਆਪਣਾ ਪੱਖ ਰੱਖਣ ਦੇ ਹੁਕਮ ਦਿੰਦੇ ਹੋਏ ਸੁਣਵਾਈ ਮੁਲਤਵੀ ਕਰ ਦਿੱਤੀ ਹੈ।



ਬਠਿੰਡਾ ਦੇ ਭੁਪਿੰਦਰ ਸਿੰਘ ਗੋਰਾ ਨੇ ਐਡਵੋਕੇਟ ਰਵਨੀਤ ਜੋਸ਼ੀ ਦੇ ਰਾਹੀਂ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰ ਕੇ ਕਿਹਾ ਹੈ ਕਿ ਸਾਧਵੀ ਬਲਾਤਕਾਰ ਕੇਸ ਵਿੱਚ ਰਾਮ ਰਹੀਮ ਨੂੰ ਦੋਸ਼ੀ ਕਰਾਰ ਦਿੱਤਾ ਜਾ ਚੁੱਕਾ ਹੈ। ਛਤਰਪਤੀ ਅਤੇ ਰਣਜੀਤ ਸਿੰਘ ਦੇ ਕਤਲ ਬਾਰੇ ਵੀ ਡੇਰਾ ਮੁਖੀ ਉਤੇ ਦੋਸ਼ ਹੈ। ਇਸ ਦੇ ਇਲਾਵਾ ਡੇਰੇ ਵਿੱਚ ਸਾਧੂਆਂ ਨੂੰ ਨਪੁੰਸਕ ਬਣਾਏ ਜਾਣ ਦੇ ਕੇਸ ਵਿੱਚ ਵੀ ਡੇਰਾ ਮੁਖੀ ਦੋਸ਼ੀ ਹੈ। ਬੇਅਦਬੀ ਕੇਸ ਵਿੱਚ ਵੀ ਡੇਰੇ ਦੇ ਹੀ ਲੋਕਾਂ ਦਾ ਨਾਮ ਆਇਆ ਹੈ, ਇਸ ਦੇ ਬਾਵਜੂਦ ਇਸ ਕੇਸ ਵਿੱਚ ਜਾਂਚ ਨਹੀਂ ਹੋ ਰਹੀ। ਪਟੀਸ਼ਨ ਕਰਤਾ ਨੇ ਹਾਈ ਕੋਰਟ ਨੂੰ ਦੱਸਿਆ ਕਿ ਬੁਰਜ਼ ਜਵਾਹਰ ਸਿੰਘ ਵਾਲਾ ਤੋਂ ਗੁਰੂ ਗ੍ਰੰਥ ਸਾਹਿਬ ਦੀ ਚੋਰੀ ਹੋਈ ਸੀ ਅਤੇ ਇਸ ਦੇ ਬਾਅਦ ਕੁਝ ਪੋਸਟਰ ਮਿਲੇ ਸਨ ਜਿਸ ਵਿੱਚ ਸਿੱਖ ਗੁਰੂਆਂ ਅਤੇ ਸੰਤਾਂ ਦੇ ਬਾਰੇ ਇਤਰਾਜ਼ ਯੋਗ ਸ਼ਬਦ ਲਿਖੇ ਸਨ ਅਤੇ ਇਹ ਲਿਖਿਆ ਸੀ ਕਿ ਡੇਰਾ ਮੁਖੀ ਦੀ ਫਿਲਮ ਰਿਲੀਜ਼ ਹੋਣ ਤੋਂ ਰੋਕੀ ਗਈ ਤਾਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ ਜਾਏਗੀ। ਇਸ ਦੇ ਬਾਅਦ ਬਰਗਾੜੀ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਕਾਂਡ ਸਾਹਮਣੇ ਆਇਆ ਸੀ। ਪੁਲਸ ਨੇ ਇਨ੍ਹਾਂ ਸਾਰੇ ਮਾਮਲਿਆਂ ਵਿੱਚ ਐਫ ਆਈ ਆਰ ਦਰਜ ਕੀਤੀ ਸੀ, ਪਰ ਡੇਰਾ ਮੁਖੀ ਦਾ ਨਾਂਅ ਹੋਣ ਦੇ ਕਾਰਨ ਜਾਂਚ ਠੀਕ ਤਰ੍ਹਾਂ ਨਹੀਂ ਹੋ ਸਕੀ।

## ਹਾਵੜਾ ਸਟੇਸ਼ਨ ਉੱਤੇ ਭਾਜੜ ਮੱਚਣ ਨਾਲ ਦੋ ਮੌਤਾਂ, 17 ਜ਼ਖ਼ਮੀ



ਕੋਲਕਾਤਾ, 24 ਅਕਤੂਬਰ (ਪੋਸਟ ਬਿਊਰੋ)- ਪੱਛਮੀ ਬੰਗਾਲ ਦੇ ਹਾਵੜਾ ਵਿੱਚ ਸੰਤਰਾਗਾਛੀ ਰੇਲਵੇ ਸਟੇਸ਼ਨ ਉਤੇ ਰੇਲ ਗੱਡੀ 'ਚ ਚੜ੍ਹਨ ਬਾਰੇ ਜ਼ਬਰਦਸਤ ਭਗਦੜ ਮਚ ਗਈ ਤੇ ਇਸ ਦੌਰਾਨ ਦੋ ਲੋਕਾਂ ਦੀ ਮੌਤ ਹੋ ਗਈ ਅਤੇ 17 ਹੋਰ ਜ਼ਖਮੀ ਹੋ ਗਏ। ਇਹ ਹਾਦਸਾ ਪਲੇਟਫਾਰਮ ਨੰਬਰ ਦੋ ਅਤੇ ਤਿੰਨ ਉਤੇ ਵਾਪਰਿਆ। ਮੌਕੇ ਉੱਤੇ ਪਹੁੰਚ ਕੇ ਪੁਲਸ ਅਤੇ ਰੇਲਵੇ ਅਧਿਕਾਰੀਆਂ ਦੀ ਟੀਮ ਨੇ ਜ਼ਖਮੀਆਂ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ। ਮੁੱਖ ਮੰਤਰੀ ਮਮਤਾ ਬੈਨਰਜੀ ਨੇ ਘਟਨਾ ਸਥਾਨ 'ਤੇ ਪਹੁੰਚ ਕੇ ਜਾਇਜ਼ਾ ਲਿਆ ਅਤੇ ਇਸ ਨੂੰ ਰੇਲਵੇ ਦੀ ਲਾਪ੍ਰਵਾਹੀ ਦਾ ਨਤੀਜਾ ਦੱਸਿਆ।

ਦੱਸਿਆ ਜਾ ਰਿਹਾ ਹੈ ਕਿ ਇਹ ਭਗਦੜ ਉਸ ਸਮੇਂ ਮੱਚੀ, ਜਦੋਂ ਸ਼ਾਮ ਛੇ ਵਜੇ ਪਲੇਟਫਾਰਮ ਨੰਬਰ ਦੋ ਅਤੇ ਤਿੰਨ ਉਤੇ ਯਾਤਰੀ ਰੇਲ ਗੱਡੀ ਆਉਣ ਦਾ ਇੰਤਜ਼ਾਰ ਕਰ ਰਹੇ ਸਨ। ਜਦੋਂ ਨਾਗਰਕੋਇਲ ਐਕਸਪ੍ਰੈਸ ਪਹੁੰਚੀ ਤਾਂ ਯਾਤਰੀਆਂ ਨੇ ਇਕੋ ਪੌੜੀ ਤੋਂ ਬਾਹਰ ਨਿਕਲਣ ਦੀ ਕੋਸ਼ਿਸ਼ ਕੀਤੀ। ਸਟੇਸ਼ਨ 'ਤੇ ਭੀੜ ਕਾਫੀ ਜ਼ਿਆਦਾ ਸੀ ਜਿਸ ਕਾਰਨ ਕੁਝ ਲੋਕ ਡਿੱਗ ਪਏ। ਇਸ ਤੋਂ ਬਾਅਦ ਉਥੇ ਰੌਲਾ ਪੈਣਾ ਸ਼ੁਰੂ ਹੋ ਗਿਆ ਅਤੇ ਭਗਦੜ ਮੱਚ ਗਈ।

## ਚਾਬਹਾਰ ਬੰਦਰਗਾਹ ਬਾਰੇ ਭਾਰਤ, ਈਰਾਨ ਤੇ ਅਫਗਾਨਿਸਤਾਨ ਦੀ ਪਹਿਲੀ ਤਿੰਨ ਧਿਰੀ ਮੀਟਿੰਗ

ਨਵੀਂ ਦਿੱਲੀ, 24 ਅਕਤੂਬਰ (ਪੋਸਟ ਬਿਊਰੋ)- ਭਾਰਤ, ਅਫਗਾਨਿਸਤਾਨ ਅਤੇ ਈਰਾਨ ਨੇ ਕੱਲ੍ਹ ਚਾਬਹਾਰ ਬੰਦਰਗਾਹ ਪ੍ਰਾਜੈਕਟ ਬਾਰੇ ਪਹਿਲੀ ਤਿੰਨ ਧਿਰੀ ਮੀਟਿੰਗ ਕੀਤੀ, ਜਿਸ ਵਿੱਚ ਇਸ ਪ੍ਰਾਜੈਕਟ ਨੂੰ ਲਾਗੂ ਕਰਨ ਬਾਰੇ ਜਾਇਜ਼ਾ ਲਿਆ ਗਿਆ। ਇਸ ਮੀਟਿੰਗ ਨੂੰ ਮਹੱਤਵ ਪੂਰਨ ਸਮਝਿਆ ਜਾਂਦਾ ਹੈ, ਕਿਉਂਕਿ ਊਰਜਾ ਦੇ ਭੰਡਾਰ ਵਾਲੇ ਈਰਾਨ ਦੇ ਦੱਖਣੀ ਤੱਟ ਉੱਤੇ ਇਹ ਬੰਦਰਗਾਹ ਅਮਰੀਕਾ ਦੀਆਂ ਪਾਬੰਦੀਆਂ ਦੇ ਘੇਰੇ ਹੇਠ ਵੀ ਆ ਰਹੀ ਹੈ।

ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ ਜਹਾਜ਼ਾਂ ਦੇ ਅੰਤਰਰਾਸ਼ਟਰੀ ਠਹਿਰਾਓ ਅਤੇ ਢੋਆ ਢੁਆਈ ਲਈ ਚਾਬਹਾਰ ਬੰਦਰਗਾਹ ਬਾਰੇ ਤਿੰਨ ਧਿਰੀ ਸਮਝੌਤੇ ਨੂੰ ਪੂਰੀ ਤਰ੍ਹਾਂ ਨਾਲ ਅਮਲ ਵਿੱਚ ਲਿਆਉਣ ਲਈ ਤਿੰਨਾਂ ਧਿਰਾਂ ਵਿਚਾਲੇ ਵਿਸਥਾਰ ਪੂਰਵਕ ਚਰਚਾ ਹੋਈ ਹੈ। ਮਈ 2016 ਵਿੱਚ ਭਾਰਤ, ਈਰਾਨ ਅਤੇ ਅਫਗਾਨਿਸਤਾਨ ਨੇ ਇਕ ਸੰਧੀ ਉਤੇ ਦਸਤਖਤ ਕੀਤੇ ਸਨ, ਜਿਸ ਵਿੱਚ ਚਾਬਹਾਰ ਬੰਦਰਗਾਹ ਦੀ ਵਰਤੋਂ ਲਈ ਤਿੰਨਾਂ ਦੇਸ਼ਾਂ ਵੱਲੋਂ ਟਰਾਂਜ਼ਿਟ ਤੇ ਢੋਆ ਢੁਆਈ ਲਈ ਇਕ ਕਾਰੀਡੋਰ ਕਾਇਮ ਕਰਨ ਦੀ ਵਿਵਸਥਾ ਕੀਤੀ ਗਈ ਹੈ। ਵਿਦੇਸ਼ ਮੰਤਰਾਲੇ ਦੇ ਮੁਤਾਬਕ ਮੀਟਿੰਗ ਵਿੱਚ ਇਕ ਕਮੇਟੀ ਬਣਾਉਣ ਦਾ ਫੈਸਲਾ ਹੋਇਆ ਹੈ, ਜਿਹੜੀ ਚਾਬਹਾਰ ਬੰਦਰਗਾਹ ਬਾਰੇ ਦੋ ਮਹੀਨਿਆਂ ਦੇ ਅੰਦਰ ਪਹਿਲੀ ਮੀਟਿੰਗ ਕਰੇਗੀ। ਇਸ ਨੇ 2019 ਦੇ ਪਹਿਲ ਅੱਧ ਵਿੱਚ ਭਾਰਤ 'ਚ ਤਾਲਮੇਲ ਕੌਂਸਲ ਦੀ ਮੀਟਿੰਗ ਦਾ ਵੀ ਫੈਸਲਾ ਕੀਤਾ ਹੈ।

## ਜੰਮੂ-ਕਸ਼ਮੀਰ ਦੇ ਸਕੂਲਾਂ ਲਈ ਗੀਤਾ ਤੇ ਰਮਾਇਣ ਦੀ ਖ਼ਰੀਦ ਦੇ ਹੁਕਮ ਰੱਦ

ਸ੍ਰੀਨਗਰ, 24 ਅਕਤੂਬਰ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦੇ ਸਰਕਾਰੀ ਸਕੂਲਾਂ ਤੇ ਕਾਲਜਾਂ ਵਿੱਚ ਭਗਵਤ ਗੀਤਾ ਤੇ ਰਮਾਇਣ ਦੀਆਂ ਕਿਤਾਬਾਂ ਹਾਸਲ ਕਰਾਉਣ ਦੇ ਫ਼ੈਸਲੇ ਨਾਲ ਕਸ਼ਮੀਰ ਵਾਦੀ ਵਿੱਚ ਹਾਲਾਤ ਵਿਗੜਨ ਦੇ ਸ਼ੱਕ ਹੇਠ ਸੂਬਾ ਸਰਕਾਰ ਨੇ ਮੰਗਲਵਾਰ ਨੂੰ ਆਪਣੇ ਇਹ ਹੁਕਮ ਵਾਪਸ ਲੈ ਲਏ ਹਨ।



ਇਸ ਤੋਂ ਪਹਿਲਾਂ ਸਕੂਲ ਸਿੱਖਿਆ ਵਿਭਾਗ ਵਿੱਚ ਅੰਡਰ ਸੈਕਟਰੀ ਮੁਹੰਮਦ ਯਾਕੂਬ ਨੇ ਪਿਛਲੇ ਸੋਮਵਾਰ ਸਕੂਲ ਸਿੱਖਿਆ ਦੇ ਡਾਇਰੈਕਟਰ ਨੂੰ ਇਕ ਚਿੱਠੀ ਭੇਜੀ ਸੀ, ਜਿਸ ਵਿੱਚ ਚਾਰ ਅਕਤੂਬਰ ਨੂੰ ਗਵਰਨਰ ਸੱਤਿਆਪਾਲ ਮਲਿਕ ਦੇ ਸਲਾਹਕਾਰ ਦੀ ਪ੍ਰਧਾਨਗੀ ਵਿੱਚ ਹੋਈ ਬੈਠਕ 'ਚ ਲਏ ਫ਼ੈਸਲੇ ਦੇ ਹਵਾਲੇ ਨਾਲ ਕਿਹਾ ਸੀ ਕਿ ਸਕੂਲ ਸਿੱਖਿਆ ਵਿਭਾਗ, ਉੱਚ ਸਿੱਖਿਆ ਵਿਭਾਗ, ਡਾਇਰੈਕਟਰ ਕਾਲਜਿਜ਼, ਡਾਇਰੈਕਟਰ ਲਾਇਬ੍ਰੇਰੀ ਤੇ ਸੱਭਿਆਚਾਰ ਵਿਭਾਗ ਸਰਵਾਨੰਦ ਪ੍ਰੇਮੀ ਵੱਲੋਂ ਲਿਖੀ ਗਈ ਰਮਾਇਣ ਤੇ ਭਗਵਤ ਗੀਤਾ ਦੇ ਅਨੁਵਾਦ ਦੀਆਂ ਲੋੜੀਂਦੀ ਗਿਣਤੀ 'ਚ ਕਾਪੀਆਂ ਖ਼ਰੀਦਣ 'ਤੇ ਵਿਚਾਰ ਕਰਨ ਤਾਂ ਕਿ ਇਹ ਕਿਤਾਬਾਂ ਸਾਰੇ ਸਕੂਲਾਂ, ਕਾਲਜਾਂ ਤੇ ਲਾਇਬ੍ਰੇਰੀਆਂ ਨੂੰ ਦਿੱਤੀਆਂ ਜਾਣ। ਕਿਤਾਬਾਂ ਦੀ ਖ਼ਰੀਦ ਸ਼ੁਰੂ ਹੋਣ ਤੋਂ ਪਹਿਲਾਂ ਇਹ ਮਾਮਲਾ ਸਿਆਸੀ ਪੱਖ ਤੋਂ ਗਰਮ ਹੋ ਗਿਆ।

ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਅਤੇ ਨੈਸ਼ਨਲ ਕੰਨਫਰੈਂਸ ਦੇ ਉਪ ਪ੍ਰਧਾਨ ਉਮਰ ਅਬਦੁੱਲਾ ਨੇ ਸੋਮਵਾਰ ਸ਼ਾਮ ਨੂੰ ਟਵੀਟ ਕਰ ਕੇ ਪੁੱਛਿਆ ਕਿ ਸਿਰਫ਼ ਗੀਤਾ ਤੇ ਰਮਾਇਣ ਕਿਉਂ? ਜੇ ਧਾਰਮਿਕ ਕਿਤਾਬਾਂ ਸਕੂਲਾਂ, ਕਾਲਜਾਂ ਅਤੇ ਲਾਇਬ੍ਰੇਰੀਆਂ ਨੂੰ ਦੇਣੀਆਂ ਹਨ ਤਾਂ ਫਿਰ ਚੋਣਵੇਂ ਆਧਾਰ 'ਤੇ ਕਿਉਂ? ਬਾਕੀ ਧਰਮਾਂ ਦੀ ਅਣਦੇਖੀ ਕਿਉਂ? ਅਨੇਕਾਂ ਲੋਕਾਂ ਦੇ ਇਤਰਾਜ਼ ਪਿੱਛੋਂ ਕਸ਼ਮੀਰ ਘਾਟੀ ਦੇ ਵੱਖ-ਵੱਖ ਸੰਗਠਨਾਂ ਨੇ ਇਸ ਮਾਮਲੇ ਨੂੰ ਕਸ਼ਮੀਰ ਵਿੱਚ ਆਰ ਐਸ ਐਸ ਅਤੇ ਭਾਜਪਾ ਦੇ ਏਜੰਡੇ ਨਾਲ ਜੋੜ ਕੇ ਲੋਕਾਂ ਵਿੱਚ ਪੇਸ਼ ਕੀਤਾ। ਹਾਲਾਤ ਨੂੰ ਸਮਝਦੇ ਹੋਏ ਸੂਬਾ ਚੀਫ ਸੈਕਟਰੀ ਬੀ ਵੀ ਆਰ ਸੁਬਰਮਨੀਅਮ ਨੂੰ ਹੁਕਮ ਜਾਰੀ ਕਰ ਕੇ ਇਸ ਖ਼ਰੀਦ ਦੇ ਸੰਬੰਧ ਵਿੱਚ ਜਾਰੀ ਪੱਤਰ ਵਾਪਸ ਲੈ ਲਿਆ ਹੈ।

## ਪ੍ਰਵੀਣ ਤੋਗੜੀਆ ਨਵੀਂ ਸਿਆਸੀ ਪਾਰਟੀ ਬਣਾਉਣਗੇ

ਨਵੀਂ ਦਿੱਲੀ, 24 ਅਕਤੂਬਰ (ਪੋਸਟ ਬਿਊਰੋ)- ਡਾਕਟਰ ਪ੍ਰਵੀਨ ਭਾਈ ਤੋਗੜੀਆ ਨਵੀਂ ਸਿਆਸੀ ਪਾਰਟੀ ਬਣਾਉਣਗੇ। ਰਾਮ ਮੰਦਰ ਅੰਦੋਲਨ ਨੂੰ ਤੇਜ਼ ਕਰਨ ਲਈ ਅੰਤਰਰਾਸ਼ਟਰੀ ਹਿੰਦੂ ਪ੍ਰੀਸ਼ਦ ਦੇ ਮੁਖੀ ਪ੍ਰਵੀਨ ਤੋਗੜੀਆ ਨੇ ਅਯੁੱਧਿਆ ਵਿਖੇ ਕੱਲ੍ਹ ਸਿਆਸੀ ਪਾਰਟੀ ਬਣਾਉਣ ਦਾ ਐਲਾਨ ਕੀਤਾ ਤੇ ਕਿਹਾ ਕਿ ਉਹ ਖੁਦ ਵੀ ਚੋਣ ਲੜਨਗੇ।

ਅਯੁੱਧਿਆ ਵਿੱਚ ਕੀਤੀ ਗਈ ਸੰਕਲਪ ਸਭਾ ਵਿੱਚ ਬੋਲਦਿਆਂ ਤੋਗੜੀਆ ਨੇ ਕਿਹਾ ਕਿ ਇੱਕ ਮਹੀਨੇ ਤੱਕ ਦਿੱਲੀ ਵਿੱਚ ਨਵੀਂ ਪਾਰਟੀ ਦੇ ਨਾਂਅ ਦਾ ਐਲਾਨ ਕਰ ਦਿੱਤਾ ਜਾਏਗਾ। ਉਨ੍ਹਾਂ 'ਅਬ ਕੀ ਬਾਰ, ਹਿੰਦੂ ਸਰਕਾਰ' ਦਾ ਨਾਅਰਾ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਦੀ ਨਵੀਂ ਬਣਨ ਵਾਲੀ ਪਾਰਟੀ ਲੋਕ ਸਭਾ ਦੀਆਂ ਚੋਣਾਂ ਲੜੇਗੀ। ਜੇ ਉਸ ਪਾਰਟੀ ਦੀ ਸਰਕਾਰ ਬਣ ਗਈ ਤਾਂ ਤਿੰਨ ਮਹੀਨਿਆਂ ਅੰਦਰ ਅਯੁੱਧਿਆ, ਕਾਸ਼ੀ ਤੇ ਮਥੁਰਾ 'ਚ ਮੰਦਰਾਂ ਦੀ ਉਸਾਰੀ ਦਾ ਕੰਮ ਸ਼ੁਰੂ ਹੋ ਜਾਏਗਾ, ਨਾਲ ਘੱਟ ਗਿਣਤੀ ਆਬਾਦੀ ਕੰਟਰੋਲ ਕਰਨ ਦਾ ਕਾਨੂੰਨ ਵੀ ਬਣੇਗਾ। ਤੋਗੜੀਆ ਨੇ ਹੋਰ ਹਿੰਦੂ ਸੰਗਠਨਾਂ ਨੂੰ ਉਨ੍ਹਾਂ ਦੀ ਪਾਰਟੀ ਨਾਲ ਜੁੜਨ ਦਾ ਸੱਦਾ ਦਿੱਤਾ। ਜਾਣਕਾਰ ਸੂਤਰਾਂ ਅਨੁਸਾਰ ਪ੍ਰਵੀਨ ਤੋਗੜੀਆ ਦੀ ਨਵੀਂ ਪਾਰਟੀ ਦਾ ਨਾਂਅ ਰਾਸ਼ਟਰੀ ਜਨਤਾ ਪਾਰਟੀ ਹੋ ਸਕਦਾ ਹੈ। ਅਯੁੱਧਿਆ 'ਚ ਪ੍ਰਵੀਨ ਤੋਗੜੀਆ ਦੇ ਹਮਾਇਤੀਆਂ ਦੀ ਪੁਲਸ ਨਾਲ ਝੜਪ ਵੀ ਹੋ ਗਈ।

### ਸ਼ਰਦ ਪਵਾਰ ਕਹਿੰਦੈ

## 2019 ਦੀਆਂ ਚੋਣਾਂ ਤੋਂ ਪਹਿਲਾਂ ਮਹਾਂਗਠਜੋੜ ਨਹੀਂ ਬਣਨਾ

ਨਵੀਂ ਦਿੱਲੀ, 24 ਅਕਤੂਬਰ (ਪੋਸਟ ਬਿਊਰੋ)- ਰਾਸ਼ਟਰਵਾਦੀ ਕਾਂਗਰਸ ਪਾਰਟੀ (ਐੱਨ ਸੀ ਪੀ) ਦੇ ਪ੍ਰਧਾਨ ਸ਼ਰਦ ਪਵਾਰ ਨੇ ਕੱਲ੍ਹ ਸੰਕੇਤ ਦਿੱਤਾ ਕਿ 2019 ਦੀਆਂ ਆਮ ਚੋਣਾਂ ਤੋਂ ਪਹਿਲਾਂ ਦੇਸ਼ ਪੱਧਰ ਉੱਤੇ ਚੋਣਾਂ ਤੋਂ ਪਹਿਲਾਂ ਵਿਰੋਧੀ ਪਾਰਟੀਆਂ ਦੇ ਗਠਜੋੜ ਦੀ ਆਸ ਨਹੀਂ, ਪਰ ਉਨ੍ਹਾਂ ਇਹ ਵੀ ਕਿਹਾ ਕਿ ਸੱਤਾਧਾਰੀ ਐੱਨ ਡੀ ਏ ਨੂੰ ਹਰਾਉਣ ਦੀ ਕੋਸ਼ਿਸ਼ ਲਈ ਉਹ ਗੈਰ-ਭਾਜਪਾ ਪਾਰਟੀਆਂ ਨੂੰ ਸਾਂਝੇ ਮੰਚ 'ਤੇ ਲਿਆਉਣ ਦੀ ਕੋਸ਼ਿਸ਼ ਕਰ ਰਹੇ ਹਨ।

ਸ਼ਰਦ ਪਵਾਰ ਨੇ ਕਿਹਾ ਕਿ ਲੋਕ ਸਭਾ ਚੋਣਾਂ ਤੋਂ ਬਾਅਦ ਜੇ ਨਰਿੰਦਰ ਮੋਦੀ ਸਰਕਾਰ ਚਲੀ ਗਈ ਤਾਂ ਸਭ ਤੋਂ ਵੱਧ ਸੀਟਾਂ ਜਿੱਤਣ ਵਾਲੀ ਕੋਈ ਵੀ ਵਿਰੋਧੀ ਪਾਰਟੀ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਦਾਅਵੇਦਾਰੀ ਕਰ ਸਕਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸਾਲ 2019 ਵਿੱਚ ਬਦਲਾਅ ਹੋਣ ਵਾਲਾ ਹੈ ਅਤੇ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨਾਲ ਨਿਸ਼ਚਿਤ ਤੌਰ 'ਤੇ ਸਾਡੇ ਚੰਗੇ ਸੰਬੰਧ ਹਨ। ਸਾਲ 2019 ਵਿੱਚ ਹਰ ਰਾਜ ਵਿੱਚ ਵੱਖ-ਵੱਖ ਪੱਧਰ ਉਤੇ ਗਠਜੋੜ ਹੋਵੇਗਾ। ਪਵਾਰ ਨੇ ਕਿਹਾ ਕਿ ਅਸੀਂ ਵੱਧ ਸੀਟਾਂ ਉਤੇ ਨਹੀਂ ਲੜਾਂਗੇ। ਮਹਾਰਾਸ਼ਟਰ ਦੀਆਂ ਅੱਧੀਆਂ ਸੀਟਾਂ ਅਤੇ ਕੁਝ ਹੋਰ ਚਾਰ ਸੀਟਾਂ ਦੂਜੇ ਰਾਜਾਂ ਵਿੱਚ ਲੜ ਸਕਦੇ ਹਾਂ ਅਤੇ ਜਦ ਸਾਡੇ ਕੋਲ ਨੰਬਰ ਹੀ ਨਹੀਂ ਤਾਂ ਅਸੀਂ ਅਜਿਹੇ ਸੁਫਨੇ ਵੀ ਨਹੀਂ ਦੇਖਣੇ, ਰਾਜਨੀਤੀ ਵਿੱਚ ਸਾਡੇ ਪੈਰ ਜ਼ਮੀਨ ਉਤੇ ਹੋਣੇ ਚਾਹੀਦੇ ਹਨ ਤਾਂ ਹੀ 50 ਸਾਲ ਦੀ ਰਾਜਨੀਤੀ ਕਰਦੇ ਹਾਂ। ਉਨ੍ਹਾਂ ਕਿਹਾ ਕਿ ਦੇਵਗੌੜਾ ਅਤੇ ਗੁਜਰਾਲ ਨੂੰ ਪ੍ਰਧਾਨ ਮੰਤਰੀ ਬਣਾਉਣ ਵਿੱਚ ਸਾਡੀ ਭੂਮਿਕਾ ਹੈ।



ਪ੍ਰਧਾਨ ਮੰਤਰੀ ਬਣਨ ਦੇ ਸਵਾਲ ਉੱਤੇ ਸ਼ਰਦ ਪਵਾਰ ਨੇ ਕਿਹਾ ਕਿ 2004 ਵਿੱਚ ਮਨਮੋਹਨ ਸਿੰਘ ਪ੍ਰਧਾਨ ਮੰਤਰੀ ਬਣਨ ਬਾਰੇ ਕੌਣ ਕਹਿ ਸਕਦਾ ਸੀ। ਠੀਕ ਉਸੇ ਤਰ੍ਹਾਂ ਕੋਈ ਵੀ ਬਣ ਸਕਦਾ ਹੈ। ਸਾਲ 2019 ਵਿੱਚ ਕੇਂਦਰ ਅਤੇ ਰਾਜਾਂ ਵਿੱਚ ਹੋਣ ਵਾਲੀਆਂ ਚੋਣਾਂ ਵਿੱਚ ਕੌਣ ਚੋਣਾਂ ਜਿੱਤੇਗਾ, ਇਸ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਅੱਜ ਜਿਨ੍ਹਾਂ ਦੇ ਹੱਥਾਂ ਵਿੱਚ ਹਕੂਮਤ ਹੈ, ਅਗਲੇ ਸਾਲ ਉਹ ਸੱਤਾ ਵਿੱਚ ਨਹੀਂ ਹੋਣਗੇ। ਗਠਜੋੜ ਦੀ ਅਗਵਾਈ ਕਰਨ ਦੇ ਸਵਾਲ 'ਤੇ ਉਨ੍ਹਾਂ ਕਿਹਾ ਕਿ ਸਾਰੇ ਦਲਾਂ ਨੂੰ ਨਾਲ ਲੈ ਕੇ ਮੈਂ ਇੱਕ ਮੰਚ 'ਤੇ ਲਿਆਉਣ ਦੀ ਕੋਸ਼ਿਸ਼ ਕਰਾਂਗੇ।

## ਭਰਾ ਬਣ ਕੇ ਰੱਖੜੀ ਬਨ੍ਹਵਾਈ, 10 ਦਿਨ ਪਿੱਛੋਂ ਉਸੇ ਨਾਲ ਲਵ ਮੈਰਿਜ

ਜਮਨਾਨਗਰ, 24 ਅਕਤੂਬਰ (ਪੋਸਟ ਬਿਊਰੋ)- ਭਰਾ-ਭੈਣ ਦੇ ਰਿਸ਼ਤੇ ਸ਼ਰਮਿੰਦੇ ਕਰਨ ਵਾਲੀ ਘਟਨਾ ਮਾਡਰਨ ਕਲੋਨੀ ਵਿੱਚ ਵਾਪਰੀ ਹੈ, ਜਿੱਥੇ ਤਲਾਕ ਸ਼ੁਦਾ ਤੇ ਇੱਕ ਬੱਚੇ ਦੀ ਮਾਂ ਨਾਲ ਇੱਕ ਨੌਜਵਾਨ ਨੇ ਵਿਆਹ ਕਰ ਲਿਆ। ਜਿਸ ਨੌਜਵਾਨ ਨੇ ਉਸ ਨਾਲ ਵਿਆਹ ਕੀਤਾ, ਉਸ ਨੇ ਪਹਿਲਾਂ ਉਸ ਨੂੰ ਭੈਣ ਬਣਾ ਕੇ ਰੱਖੜੀ ਬੰਨ੍ਹਵਾਈ ਸੀ। ਰੱਖੜੀ ਤੋਂ 10 ਦਿਨ ਬਾਅਦ ਹੀ ਉਨ੍ਹਾਂ ਨੇ ਲਵ ਮੈਰਿਜ ਕਰਵਾ ਲਈ ਅਤੇ ਫਰਾਰ ਹੋ ਗਏ।

ਵਿਆਹ ਕਰਨ ਵਾਲੀ ਮਹਿਲਾ ਦੀ ਮਾਂ ਨੇ ਬੇਟੀ ਨੂੰ ਅਗਵਾ ਕਰਨ ਦੀ ਸ਼ਿਕਾਇਤ ਪੁਲਸ ਨੂੰ ਲਿਖਵਾਈ ਹੈ। ਮੈਰਿਜ ਕਰਵਾਉਣ ਵਾਲੀ ਤਲਾਕ ਸ਼ੁਦਾ ਔਰਤ ਨੇ ਪੁਲਸ ਨੂੰ ਕਿਹਾ ਕਿ ਉਸ ਨੇ ਆਪਣੀ ਮਰਜ਼ੀ ਨਾਲ ਵਿਆਹ ਕੀਤਾ ਹੈ। ਉਹ ਆਪਣੇ ਨਵੇਂ ਪਤੀ ਨਾਲ ਰਹਿਣਾ ਚਾਹੁੰਦੀ ਹੈ। ਉਸ ਔਰਤ ਦੀ ਮਾਂ ਦਾ ਦੋਸ਼ ਹੈ ਕਿ ਉਸ ਦੀ ਬੇਟੀ ਨੂੰ ਗੁੰਮਰਾਹ ਕੀਤਾ ਗਿਆ ਹੈ ਅਤੇ ਉਸ ਨੂੰ ਆਪਣੀ ਬੇਟੀ ਨੂੰ ਮਿਲਣ ਵੀ ਨਹੀਂ ਦਿੱਤਾ ਜਾ ਰਿਹਾ। ਮਹਿਲਾ ਬੀਤੇ ਦਿਨ ਇੱਕ ਵਾਰ ਫਿਰ ਪੁਲਸ ਦੇ ਕੋਲ ਪਹੁੰਚੀ ਅਤੇ ਉਸ ਨੇ ਮੰਗ ਕੀਤੀ ਕਿ ਉਸ ਨੂੰ ਉਸ ਦੀ ਬੇਟੀ ਵਾਪਸ ਦਿਵਾਈ ਜਾਏ। ਪੁਲਸ ਨੇ ਇਸ ਵਿੱਚ ਕਿਸੇ ਵੀ ਤਰ੍ਹਾਂ ਦੀ ਕਾਰਵਾਈ ਤੋਂ ਅਸਮਰਥਤਾ ਜ਼ਾਹਰ ਕੀਤੀ ਹੈ।

ਗਾਂਧੀ ਨਗਰ ਚੌਕੀ ਦੇ ਇੰਚਾਰਜ ਭੁਪਿੰਦਰ ਰਾਣਾ ਦਾ ਕਹਿਣਾ ਹੈ ਕਿ ਮਹਿਲਾ ਨੇ ਆਪਣੀ ਮਰਜ਼ੀ ਨਾਲ ਨੌਜਵਾਨ ਨਾਲ ਵਿਆਹ ਕੀਤਾ ਹੈ। ਮਾਡਰਨ ਕਲੋਨੀ ਦੀ ਮਹਿਲਾ ਨੇ ਦੱਸਿਆ ਕਿ ਉਸ ਦੀ ਬੇਟੀ ਦਾ ਵਿਆਹ ਸੁਲਤਾਨਪੁਰ ਦੇ ਵਿਅਕਤੀ ਨਾਲ ਕਰੀਬ ਪੰਜ ਸਾਲ ਪਹਿਲਾਂ ਹੋਇਆ ਸੀ। ਉਸ ਦੀ ਬੇਟੀ ਦਾ ਆਪਣੇ ਪਤੀ ਨਾਲ ਝਗੜਾ ਹੋਇਆ ਤਾਂ ਅਪ੍ਰੈਲ ਵਿੱਚ ਦੋਵਾਂ ਦਾ ਤਲਾਕ ਹੋ ਗਿਆ। ਇਸ ਦੇ ਬਾਅਦ ਤੋਂ ਉਸ ਦੀ ਬੇਟੀ ਉਨ੍ਹਾਂ ਕੋਲ ਰਹਿੰਦੀ ਸੀ। ਮਹਿਲਾ ਦਾ ਦੋਸ਼ ਹੈ ਕਿ ਪੁਲਸ ਵੀ ਉਸ ਦੀ ਕੋਈ ਮਦਦ ਨਹੀਂ ਕਰ ਰਹੀ। ਜਿਸ ਮਹਿਲਾ ਨੇ ਉਸ ਦੀ ਬੇਟੀ ਨੂੰ ਆਪਣੇ ਜਾਲ ਵਿੱਚ ਫਸਾ ਕੇ ਆਪਣੇ ਬੇਟੇ ਨਾਲ ਵਿਆਹ ਕਰਵਾਇਆ ਹੈ, ਉਹ ਕਈ ਲੋਕਾਂ ਤੋਂ ਪੈਸੇ ਠੱਗ ਚੁੱਕੀ ਹੈ।

## ਤਿੰਨ ਜਵਾਨਾਂ ਦੀ ਮੌਤ ਮਗਰੋਂ ਭਾਰਤ ਨੇ ਪਾਕਿ ਹਾਈ ਕਮਿਸ਼ਨ ਦਾ ਅਧਿਕਾਰੀ ਤਲਬ ਕੀਤਾ

ਨਵੀਂ ਦਿੱਲੀ, 24 ਅਕਤੂਬਰ (ਪੋਸਟ ਬਿਊਰੋ)- ਭਾਰਤ ਨੇ ਕੱਲ੍ਹ ਪਾਕਿਸਤਾਨ ਹਾਈ ਕਮਿਸ਼ਨ ਦੇ ਇੱਕ ਵੱਡੇ ਅਧਿਕਾਰੀ ਨੂੰ ਤਲਬ ਕਰ ਕੇ ਦੋ ਦਿਨ ਪਹਿਲਾਂ ਜੰਮੂ-ਕਸ਼ਮੀਰ ਵਿੱਚ ਅੱਤਵਾਦੀਆਂ ਦੀ ਘੁਸਪੈਠ ਦੀ ਕੋਸ਼ਿਸ਼ ਦੌਰਾਨ ਆਪਣੇ ਤਿੰਨ ਜਵਾਨਾਂ ਦੇ ਸ਼ਹੀਦ ਹੋ ਜਾਣ ਦੀ ਘਟਨਾ 'ਤੇ ਤਿੱਖਾ ਵਿਰੋਧ ਪ੍ਰਗਟ ਕੀਤਾ ਹੈ।



ਵਿਦੇਸ਼ ਮੰਤਰਾਲਾ ਦੇ ਇੱਕ ਬੁਲਾਰੇ ਨੇ ਕਿਹਾ ਕਿ ਪਾਕਿਸਤਾਨ ਵੱਲੋਂ ਭੜਕਾਹਟ ਵਾਲੀ ਕਾਰਵਾਈ ਦੀ ਭਾਰਤ ਤਿੱਖੇ ਸ਼ਬਦਾਂ ਵਿੱਚ ਨਿਖੇਧੀ ਕਰਦਾ ਹੈ। ਇਸ ਨਾਲ ਅੱਤਵਾਦ ਨੂੰ ਹੱਲਾਸ਼ੇਰੀ ਮਿਲਦੀ ਹੈ ਅਤੇ ਇਸ ਪਿੱਛੇ ਗੁਆਂਢੀ ਦੇਸ਼ ਦਾ ਹੱਥ ਹੋਣ ਦਾ ਪਤਾ ਲੱਗਦਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵੱਲੋਂ ਭਾਰਤ ਨਾਲ ਉਸਾਰੂ ਸੰਬੰਧਾਂ ਦਾ ਪ੍ਰਚਾਰ ਕਰਨ ਤੇ ਸ਼ਾਂਤੀ ਦੀ ਉਮੀਦ ਦੇ ਧੋਖੇ ਵਾਲੇ ਦਾਅਵਿਆਂ ਦਾ ਖੋਖਲਾਪਨ ਵੀ ਜ਼ਾਹਰ ਹੁੰਦਾ ਹੈ। ਪਾਕਿਸਤਾਨ ਹਾਈ ਕਮਿਸ਼ਨ ਦੇ ਅਧਿਕਾਰੀ ਨੂੰ ਦੱਸਿਆ ਗਿਆ ਹੈ ਕਿ 21 ਅਕਤੂਬਰ ਦੀ ਘਟਨਾ ਭਾਰਤ ਲਈ ਸਹਿਣ ਯੋਗ ਹੈ। ਉਸ ਨੂੰ ਕਿਹਾ ਗਿਆ ਕਿ ਪਾਕਿਸਤਾਨ ਦੀ ਫੌਜ ਵੱਲੋਂ ਬਿਨਾਂ ਕਿਸੇ ਭੜਕਾਹਟ ਦੇ ਕੀਤੀ ਗਈ ਕਾਰਵਾਈ ਦਾ ਭਾਰਤ ਮੂੰਹ ਤੋੜ ਜਵਾਬ ਦੇਵੇਗਾ। ਸ਼ਾਂਤੀ ਰੱਖਣ ਲਈ 2003 ਦੇ ਗੋਲੀਬੰਦੀ ਦੇ ਸਮਝੌਤੇ ਦੀ ਪਾਲਣਾ ਪਾਕਿਸਤਾਨ ਨੂੰ ਕਰਨੀ ਹੋਵੇਗੀ।











# ਅਮਰੀਕਾ ਖਸ਼ੋਗੀ ਦੇ ਕਤਲ ’ਚ ਸ਼ਾਮਲ ਸਾਊਦੀ ਅਧਿਕਾਰੀਆਂ ਦਾ ਵੀਜ਼ਾ ਖਤਮ ਕਰੇਗਾ

ਵਾਸ਼ਿੰਗਟਨ, 24 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਨੇ ਸਾਊਦੀ ਅਰਬ ਦੇ ਉਨ੍ਹਾਂ ਅਧਿਕਾਰੀਆਂ ਦਾ ਵੀਜ਼ਾ ਰੱਦ ਕਰਨ ਦਾ ਐਲਾਨ ਕੀਤਾ ਹੈ, ਜੋ ਪੱਤਰਕਾਰ ਜਮਾਲ ਖਸ਼ੋਗੀ ਦੇ ਕਤਲ ’ਚ ਸ਼ਾਮਲ ਹਨ। ਸਾਊਦੀ ਅਰਬ ਨੇ ਮੰਨ ਲਿਆ ਹੈ ਕਿ ਤੁਰਕੀ ਦੇ ਇਸਤਾਂਬੁਲ ’ਚ ਉਸ ਦੇ ਕੌਂਸਲੇਟ ਵਿੱਚ 59 ਸਾਲਾ ਪੱਤਰਕਾਰ ਖਸ਼ੋਗੀ ਦਾ ਕਤਲ ਹੋਇਆ ਸੀ।



ਇਸ ਕੇਸ ਬਾਰੇ ਅਮਰੀਕਾ ਦੇ ਵਿਦੇਸ਼ ਮੰਤਰੀ ਮਾਈਕ ਪੋਂਪੀਓ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਅਮਰੀਕਾ ਇਸ ਕੇਸ ਨਾਲ ਜੁੜੇ ਹਰ ਮਹੱਤਵ ਪੂਰਨ ਤੱਥ ਦੀ ਮੰਗ ਕਰਦਾ ਰਹੇਗਾ ਅਤੇ ਦੇਸ਼ ਦੀ ਪਾਰਲੀਮੈਂਟ ਤੇ ਹੋਰ ਦੇਸ਼ਾਂ ਨਾਲ ਮਿਲ ਕੇ ਉਨ੍ਹਾਂ ਲੋਕਾਂ ਨੂੰ ਜ਼ਿੰਮੇਵਾਰ ਠਹਿਰਾਉਣ ਲਈ ਕੰਮ ਕਰੇਗਾ, ਜੋ ਇਸ ਕਤਲ ’ਚ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਅਮਰੀਕਾ ਕੋਲ ਇਸ ਕੇਸ ਨਾਲ ਸਬੰਧਤ ਜੋ ਸੂਚਨਾਵਾਂ ਹਨ, ਉਸ ’ਤੇ ਸਰਕਾਰ ਸਹੀ ਕਾਰਵਾਈ ਕਰ ਰਹੀ ਹੈ। ਪੋਂਪੀਓ ਨੇ ਕਿਹਾ ਕਿ ਅਮਰੀਕਾ ਨੇ ਖਸ਼ੋਗੀ ਦੇ ਕਤਲ ’ਚ ਸ਼ਾਮਲ ਕੁਝ ਲੋਕਾਂ ਦੀ ਪਛਾਣ ਕੀਤੀ ਹੈ ਅਤੇ ਇਨ੍ਹਾਂ ਲੋਕਾਂ ’ਚ ਸਾਊਦੀ ਅਰਬ ਦੀ ਖੁਫੀਆ ਸਰਵਿਸ, ਰਾਇਲ ਕੋਰਟ ਅਤੇ ਸਾਊਦੀ ਵਿਦੇਸ਼ ਮੰਤਰਾਲੇ ਦੇ ਲੋਕ ਹਨ।

ਵਰਨਣ ਯੋਗ ਹੈ ਕਿ ਪੱਤਰਕਾਰ ਜਮਾਲ ਖਸ਼ੋਗੀ ਦਾ ਸਬੰਧ ਪਹਿਲਾਂ ਸਾਊਦੀ ਅਰਬ ਦੇ ਸ਼ਾਹੀ ਪਰਿਵਾਰ ਨਾਲ ਸੀ ਪਰ ਬਾਅਦ ’ਚ ਉਹ ਕ੍ਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਦੇ ਆਲੋਚਕ ਬਣ ਗਏ। ਉਹ ਵਿਆਹ ਕਰਾਉਣ ਲਈ ਕੁਝ ਦਸਤਾਵੇਜ਼ ਲੈਣ ਲਈ ਦੋ ਅਕਤੂਬਰ ਨੂੰ ਇਸਤਾਂਬੁਲ ’ਚ ਸਾਊਦੀ ਅਰਬ ਦੇ ਕੌਂਸਲੇਟ ਗਏ ਸਨ, ਜਿੱਥੋਂ ਉਹ ਲਾਪਤਾ ਹੋ ਗਏ। ਇਸ ਘਟਨਾ ਨੇ ਕੌਮਾਂਤਰੀ ਪੱਧਰ ’ਤੇ ਮੁਹੰਮਦ ਬਿਨ ਸਲਮਾਨ ਦੇ ਰੁਤਬੇ ਨੂੰ ਡੂੰਘੀ ਸੱਟ ਮਾਰੀ ਸੀ।

# ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੇ ਦਫਤਰ ਅਤੇ ਹਿਲੇਰੀ ਦੇ ਘਰ ਤੋਂ ਬੰਬ ਮਿਲੇ !

ਨਿਊਯਾਰਕ, 24 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਦੇ ਨਿਊਯਾਰਕ ’ਚ ਡੈਮੋਕ੍ਰੇਟਿਕ ਪਾਰਟੀ ਦੀ ਲੀਡਰ ਹਿਲੇਰੀ ਕਲਿੰਟਨ ਦੇ ਘਰੋਂ ਇਕ ਬੰਬ ਮਿਲਿਆ ਹੈ। ਇੱਕ ਨਿਊਜ਼ ਏਜੰਸੀ ਮੁਤਾਬਕ ਹਿਲੇਰੀ ਕਲਿੰਟਨ ਅਤੇ ਉਸ ਦੇ ਪਤੀ ਅਤੇ ਸਾਬਕਾ ਰਾਸ਼ਟਰਪਤੀ ਬਿਲ ਕਲਿੰਟਨ ਦੇ ਨਿਊਯਾਰਕ ਵਾਲੇ ਘਰ ਵਿੱਚੋਂ ਬੰਬ ਪਾਇਆ ਗਿਆ ਹੈ।



ਇਸ ਦੌਰਾਨ ਖਬਰ ਹੈ ਕਿ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੇ ਦਫਤਰ ਵਿੱਚੋਂ ਵੀ ਇੱਕ ਬੰਬ ਮਿਲਿਆ ਹੈ। ਅਮਰੀਕਾ ’ਚ ਇਨ੍ਹਾਂ ਦੋਵਾਂ ਖਬਰਾਂ ਨੇ ਸਨਸਨੀ ਫੈਲਾ ਦਿੱਤੀ ਤਾਂ ਪੁਲਸ ਅਤੇ ਸੁਰੱਖਿਆ ਬਲਾਂ ਨੇ ਕਲਿੰਟਨ ਤੇ ਓਬਾਮਾ ਦੇ ਘਰਾਂ ਨੂੰ ਘੇਰ ਲਿਆ ਅਤੇ ਓਧਰ ਆਉਣ-ਜਾਣ ਵਾਲੇ ਸਾਰੇ ਰਸਤਿਆਂ ਨੂੰ ਬਲਾਕ ਕਰ ਦਿੱਤਾ। ਨਿਊ ਕੈਸਲ ਪੁਲਸ ਨੇ ਇਕ ਬਿਆਨ ’ਚ ਕਿਹਾ ਕਿ ਬੁੱਧਵਾਰ ਸਵੇਰੇ ਨਿਊ ਕੈਸਲ ਪੀ ਡੀ ਵਿੱਚ ਐਫ ਬੀ ਆਈ ਅਤੇ ਵੈਸਟਚੈਸਟਰ ਕਾਊਂਟੀ ਪੁਲਸ ਇਕ ਸ਼ੱਕੀ ਪੈਕੇਟ ਦੀ ਜਾਂਚ ਕਰ ਰਹੀ ਹੈ। ਸੂਤਰਾਂ ਮੁਤਾਬਕ ਦੋਵਾਂ ਪੈਕਟਾਂ ਨੂੰ ਇੰਟਰਸੈਪਟ ਕੀਤਾ ਗਿਆ ਹੈ। ਦੋਵਾਂ ਉੱਤੇ ਵੱਖ-ਵੱਖ ਓਬਾਮਾ ਦੇ ਦਫਤਰ ਅਤੇ ਕਲਿੰਟਨ ਦੇ ਘਰ ਦਾ ਪਤਾ ਲਿਖਿਆ ਹੈ। ਪੁਲਸ ਫਿਲਹਾਲ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰ ਰਹੀ ਹੈ ਤੇ ਇਲਾਕੇ ਨੂੰ ਘੇਰਾਬੰਦੀ ਕੀਤੀ ਗਈ ਹੈ। ਇਕ ਅਖਬਾਰ ਮੁਤਾਬਕ ਪਹਿਲਾਂ ਜਾਰਜ ਸੋਰਸ ਦੇ ਘਰ ਬਾਹਰ ਵੀ ਵਿਸਫੋਟਕ ਮਿਲਿਆ ਸੀ। ਪੁਲਸ ਇਸ ਦੀ ਜਾਂਚ ਕਰ ਰਹੀ ਹੈ। ਅਜੇ ਤੱਕ ਇਸ ਬਾਰੇ ਕੋਈ ਜ਼ਿਆਦਾ ਜਾਣਕਾਰੀ ਨਹੀਂ ਮਿਲੀ। ਹਿਲੇਰੀ ਕਲਿੰਟਨ ਸਾਲ 2016 ’ਚ ਡੈਮੋਕ੍ਰੇਟਿਕ ਪਾਰਟੀ ਵੱਲੋਂ ਟਰੰਪ ਖਿਲਾਫ ਰਾਸ਼ਟਰਪਤੀ ਅਹੁਦੇ ਲਈ ਚੋਣਾਂ ਲੜ ਰਹੀ ਸੀ, ਪਰ ਉਨ੍ਹਾਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਸੀ।

# ਇਕ ਫੇਸਬੁੱਕ ਪੋਸਟ ਕਾਰਨ ਭਾਰਤੀ ਨੂੰ ਨੌਕਰੀ ਗੁਆਉਣੀ ਪਈ, ਚਿਤਾਵਨੀ ਵੀ ਮਿਲੀ



ਸਿੰਗਾਪੁਰ, 24 ਅਕਤੂਬਰ (ਪੋਸਟ ਬਿਊਰੋ)- ਸਿੰਗਾਪੁਰ ’ਚ ਇਕ ਭਾਰਤੀ ਨੂੰ ਫੇਸਬੁੱਕ ’ਤੇ ਦੇਸ਼ ਦੇ ਫਟੇ ਹੋਏ ਝੰਡੇ ਦੀ ਫੋਟੋ ਪੋਸਟ ਕਰਨ ਬਦਲੇ ਨਾ ਸਿਰਫ ਨੌਕਰੀ ਗੁਆਉਣੀ ਪਈ, ਸਗੋਂ ਏਥੋਂ ਦੀ ਪੁਲਸ ਨੇ ਉਸ ਨੂੰ ਸਖਤ ਚਿਤਾਵਨੀ ਵੀ ਦੇ ਦਿੱਤੀ ਹੈ। ਬੁੱਧਵਾਰ ਨੂੰ ਆਈ ਇਕ ਮੀਡੀਆ ਰਿਪੋਰਟ ਮੁਤਾਬਕ ਇਹ ਜਾਣਕਾਰੀ ਸਾਹਮਣੇ ਆਈ ਹੈ।

ਬੀਤੀ 14 ਅਗਸਤ ਨੂੰ ਹੋਈ ਇਸ ਘਟਨਾ ਬਾਰੇ ਸਿੰਗਾਪੁਰ ਦੇ ਡੀ ਬੀ ਐੱਸ ਬੈਂਕ ’ਚ ਕੰਮ ਕਰਨ ਵਾਲੇ 44 ਸਾਲਾ ਅਭਿਜੀਤ ਦਾਸ ਦੀ ਨੌਕਰੀ ਚਲੀ ਗਈ। ਅਭਿਜੀਤ ਦਾਸ ਨੇ ‘ਸਿੰਗਾਪੁਰ ਇੰਡੀਅਨਸ ਐਂਡ ਐਕਸਪਰਟਸ’ ਨਾਂ ਦੇ ਗਰੁੱਪ ਦੇ ਫੇਸਬੁੱਕ ਪੇਜ ਉੱਤੇ ਇਕ ਤਸਵੀਰ ਪੋਸਟ ਕੀਤੀ ਸੀ, ਜਿਸ ਵਿੱਚ ਇਕ ਟੀ-ਸ਼ਰਟ ’ਤੇ ਸਿੰਗਾਪੁਰ ਦੇ ਝੰਡੇ ਨੂੰ ਫਟਿਆ ਦਿਖਾਇਆ ਸੀ ਤਾਂ ਕਿ ਭਾਰਤੀ ਝੰਡਾ ਦਿੱਸ ਸਕੇ। ਪੁਲਸ ਦੇ ਹਵਾਲੇ ਨਾਲ ਸਿੰਗਾਪੁਰ ਦੇ ਇਕ ਨਿਊਜ਼ ਚੈਨਲ ਨੇ ਕਿਹਾ ਕਿ ਜਾਂਚ ਤੋਂ ਬਾਅਦ ਅਟਾਰਨੀ ਜਨਰਲ ਦੇ ਚੈਂਬਰਸ ਨਾਲ ਸਲਾਹ ਨਾਲ ਪੁਲਸ ਨੇ ਉਸ ਨੂੰ ਸਖਤ ਚਿਤਾਵਨੀ ਦਿੱਤੀ ਹੈ।

ਪੁਲਸ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਭਾਰਤੀ ਤੋਂ ‘ਸਿੰਗਾਪੁਰ ਆਰਮਸ ਐਂਡ ਫਲੈਗ ਐਂਡ ਨੈਸ਼ਨਲ ਐਂਥਮ ਰੂਲਸ’ ਦੇ ਤਹਿਤ ਪੁੱਛਗਿੱਛ ਕੀਤੀ ਗਈ ਹੈ, ਕੋਈ ਵੀ ਵਿਅਕਤੀ ਕੌਮੀ ਝੰਡੇ ਦਾ ਅਪਮਾਨ ਨਹੀਂ ਕਰੇਗਾ। ਇਸ ਰਿਪੋਰਟ ਮੁਤਾਬਕ ਫੇਸਬੁੱਕ ਪੋਸਟ ਬਾਰੇ ਪੁਲਸ ਦੀ ਰਿਪੋਰਟ ਆਉਣ ਤੋਂ ਦੋ ਮਹੀਨੇ ਬਾਅਦ ਤਿੰਨ ਅਕਤੂਬਰ ਨੂੰ ਅਭਿਜੀਤ ਨੂੰ ਚਿਤਾਵਨੀ ਜਾਰੀ ਕੀਤੀ ਗਈ ਸੀ। ਉਹ 9 ਸਾਲਾਂ ਤੋਂ ਸਿੰਗਾਪੁਰ ’ਚ ਰਹਿ ਰਿਹਾ ਹੈ। ਉਸ ਦੇ ਨਾਲ ਉਸ ਦੀ ਪਤਨੀ ਤੇ ਦੋ ਬੱਚੇ ਵੀ ਹਨ। ਕੁਝ ਲੋਕਾਂ ਨੇ ਉਸ ਪੋਸਟ ਨੂੰ ਸਿੰਗਾਪੁਰ ਲਈ ਅਪਮਾਨ ਜਨਕ ਕਿਹਾ ਸੀ। ਉਸ ਘਟਨਾ ਤੋਂ ਬਾਅਦ ਡੀ ਬੀ ਐੱਸ ਬੈਂਕ ਨੇ ਆਪਣੀ ਅੰਦਰੂਨੀ ਜਾਂਚ ਪਿੱਛੋਂ ਦਾਸ ਨੂੰ ਨੌਕਰੀ ਤੋਂ ਕੱਢ ਦਿੱਤਾ ਸੀ।

# ਯੂ ਐੱਨ ਨੇ ਬੁਰਕੇ ਉੱਤੇ ਪਾਬੰਦੀ ਨੂੰ ਮਨੁੱਖੀ ਹੱਕਾਂ ਦੀ ਉਲੰਘਣਾ ਕਿਹਾ

ਜਨੇਵਾ, 24 ਅਕਤੂਬਰ (ਪੋਸਟ ਬਿਊਰੋ)- ਯੂ ਐਨ ਮਨੁੱਖੀ ਅਧਿਕਾਰ ਕਮੇਟੀ (ਯੂ ਐਨ ਐਚ ਆਰ ਸੀ) ਨੇ ਕੱਲ੍ਹ ਕਿਹਾ ਕਿ ਜਨਤਕ ਸਥਾਨਾਂ ਉੱਤੇ ਬੁਰਕੇ 'ਤੇ ਪਾਬੰਦੀ ਦਾ ਫਰਾਂਸ ਦਾ ਫੈਸਲਾ ਮਨੁੱਖੀ ਅਧਿਕਾਰ ਦੀ ਉਲੰਘਣਾ ਸੀ। ਕਮੇਟੀ ਨੇ ਫਰਾਂਸ ਨੂੰ ਆਪਣੇ ਕਾਨੂੰਨ ਦੀ ਘੋਖ ਕਰਨ ਨੂੰ ਕਿਹਾ ਹੈ।

ਵਰਨਣ ਯੋਗ ਹੈ ਕਿ ਫਰਾਂਸ ਨੇ 2010 ਵਿੱਚ ਇਹ ਕਾਨੂੰਨ ਬਣਾਇਆ ਸੀ। ਇਸ ਦੇ ਤਹਿਤ ਕੋਈ ਵੀ ਜਨਤਕ ਸਥਾਨਾਂ ਉੱਤੇ ਆਪਣਾ ਚਿਹਰਾ ਨਹੀਂ ਢੱਕ ਸਕਦਾ। ਇਸ ਕਾਨੂੰਨ ਦੀ ਉਲੰਘਣਾ 'ਤੇ 2012 'ਚ ਸਜ਼ਾ ਪਾਉਣ ਵਾਲੀਆਂ ਦੋ ਫਰਾਂਸਿਸੀ ਔਰਤਾਂ ਦੀ ਸ਼ਿਕਾਇਤ 'ਤੇ ਕਮੇਟੀ ਨੇ ਇਹ ਫੈਸਲਾ ਸੁਣਾਇਆ ਹੈ। ਨਾਲ ਹੀ ਫਰਾਂਸ ਨੂੰ ਉਨ੍ਹਾਂ ਨੂੰ ਮੁਆਵਜ਼ਾ ਦੇਣ ਦਾ ਵੀ ਆਦੇਸ਼ ਦਿੱਤਾ ਹੈ। ਕਮੇਟੀ ਨੇ ਕਿਹਾ ਕਿ ਫਰਾਂਸ ਇਸ ਕਾਨੂੰਨ ਦੇ ਸਬੰਧ 'ਚ ਆਪਣੇ ਪੱਖ ਨੂੰ ਮਜ਼ਬੂਤੀ ਨਾਲ ਰੱਖਣ 'ਚ ਅਸਫਲ ਰਿਹਾ ਹੈ। ਫਰਾਂਸ ਸਰਕਾਰ ਨੂੰ ਇਸ ਸਬੰਧ 'ਚ ਚੁੱਕੇ ਗਏ ਕਦਮਾਂ ਦੀ ਰਿਪੋਰਟ 180 ਦਿਨ 'ਚ ਸੌਂਪਣ ਲਈ ਕਿਹਾ ਗਿਆ ਹੈ। ਮਨੁੱਖੀ ਅਧਿਕਾਰ ਕਮੇਟੀ ਦੇ ਪ੍ਰਧਾਨ ਯੁਵਲ ਸ਼ਾਨੀ ਨੇ ਕਿਹਾ, ‘ਸੁਰੱਖਿਆ ਤੇ ਸਮਾਜ 'ਚ ਬਰਾਬਰ ਰੂਪ ਨਾਲ ਰਹਿਣ ਦੇ ਹੱਕ ਦੀ ਪੂਰਤੀ ਲਈ ਜਨਤਕ ਸਥਾਨਾਂ ਉਤੇ ਮੂੰਹ ਨਾ ਢੱਕਣ ਦੇ ਫਰਾਂਸ ਸਰਕਾਰ ਦੇ ਤਰਕ ਨਾਲ ਕਮੇਟੀ ਸਹਿਮਤ ਨਹੀਂ। ਇਹ ਪਾਬੰਦੀ ਧਾਰਮਿਕ ਵਿਸ਼ਵਾਸ ਦੇ ਅਧਿਕਾਰ ਨੂੰ ਠੇਸ ਪਹੁੰਚਾਉਂਦਾ ਹੈ। ਮੁਸਲਿਮ ਔਰਤਾਂ ਨੂੰ ਇਹ ਘਰ ਤੱਕ ਸੀਮਿਤ ਕਰ ਸਕਦਾ ਹੈ।' ਕਮੇਟੀ ਦਾ ਇਹ ਫੈਸਲਾ ਕਾਨੂੰਨੀ ਤੌਰ 'ਤੇ ਫਰਾਂਸ ਲਈ ਮੰਨਣ ਯੋਗ ਨਹੀਂ ਹੈ, ਪਰ ਕੌਮਾਂਤਰੀ ਤੌਰ 'ਤੇ ਚੰਗਾ ਅਕਸ ਬਣਾਈ ਰੱਖਣ ਲਈ ਇਸ ਦਾ ਪਾਲਣ ਕਰਨਾ ਜ਼ਿੰਮੇਵਾਰੀ ਬਣਦੀ ਹੈ।

# ਵਿਸ਼ਵ ਦੇ ਸਭ ਤੋਂ ਲੰਮੇ ਸਮੁੰਦਰੀ ਪੁਲ ਦਾ ਉਦਘਾਟਨ

ਪੇਈਚਿੰਗ, 24 ਅਕਤੂਬਰ (ਪੋਸਟ ਬਿਊਰੋ)- ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਹਾਂਗਕਾਂਗ, ਮਕਾਓ ਤੇ ਚੀਨ ਨੂੰ ਜੋੜਦੇ ਵਿਸ਼ਵ ਦੇ ਸਭ ਤੋਂ ਲੰਮੇ ਸਮੁੰਦਰੀ ਪੁਲ ਦਾ ਉਦਘਾਟਨ ਕਰਦਿਆਂ ਕੱਲ੍ਹ ਇਸ ਨੂੰ ਬਾਕਾਇਦਾ ਆਵਾਜਾਈ ਲਈ ਖੋਲ੍ਹ ਦਿੱਤਾ। ਇਸ ਦੇ ਖੁੱਲ੍ਹਣ ਨਾਲ ਇਨ੍ਹਾਂ ਤਿੰਨ ਖੇਤਰਾਂ ਦਾ ਤਿੰਨ ਘੰਟੇ ਦਾ ਸਫਰ ਘੱਟ ਕੇ ਮਸਾਂ ਤੀਹ ਮਿੰਟ ਰਹਿ ਜਾਏਗਾ। 55 ਕਿਲੋਮੀਟਰ ਲੰਮੇ ਇਸ ਪੁਲ ਦੀ ਉਸਾਰੀ ਉਤੇ 20 ਅਰਬ ਅਮਰੀਕੀ ਡਾਲਰ ਦੀ ਲਾਗਤ ਆਈ ਹੈ।



ਇੰਜੀਨੀਅਰਿੰਗ ਦੀ ਕਮਾਲ ਕਾਰੀਗਰੀ ਕਿਹਾ ਜਾਂਦਾ ਇਹ ਪੁਲ ਆਰਥਿਕ ਤੇ ਸਿਆਸੀ ਪੱਖੋਂ ਕਾਫੀ ਅਹਿਮ ਹੈ। ਇਸ ਦੀ ਉਸਾਰੀ ਅਜਿਹੇ ਸਮੇਂ ਹੋਈ ਹੈ, ਜਦੋਂ ਚੀਨ ਅੱਧ-ਖੁਦ-ਮੁਖਤਿਆਰ ਇਲਾਕਿਆਂ ਉਤੇ ਆਪਣੀ ਪਕੜ ਮਜ਼ਬੂਤ ਕਰਨ ਲਈ ਯਤਨਸ਼ੀਲ ਹੈ। ਇਸ ਦੌਰਾਨ ਆਲੋਚਕਾਂ ਨੇ ਇਸ ਪੁਲ ਨੂੰ ਸਫੈਦ ਹਾਥੀ ਦੱਸ ਕੇ ਕਿਹਾ ਕਿ ਇਹ ਚੀਨ ਹੱਥੋਂ ਰੇਤ ਵਾਂਗ ਖਿਸਕਦੇ ਜਾ ਰਹੇ ਹਾਂਗਕਾਂਗ ਨੂੰ ਫਿਰ ਆਪਣੇ ਕਲਾਵੇ ਵਿੱਚ ਲੈਣ ਦਾ ਯਤਨ ਹੈ।

ਇਹ ਨਵਾਂ ਪੁਲ ਏਸ਼ੀਆ ਦੀ ਵਿੱਤੀ ਹੱਬ ਕਹੇ ਜਾਂਦੇ ਹਾਂਗਕਾਂਗ ਨੂੰ ਚੀਨ ਦੇ ਦੱਖਣੀ ਸ਼ਹਿਰ ਜ਼ੁਹਾਏ ਅਤੇ ਜੂਏਬਾਜ਼ੀ ਲਈ ਜਾਣੇ ਜਾਂਦੇ ਮਕਾਓ ਨੂੰ ਪਰਲ ਨਦੀ ਦੇ ਪਾਣੀਆਂ ਉਪਰੋਂ ਲੰਘਦੇ ਸੱਪ ਵਾਂਗੂ ਵੱਲ ਖਾਂਦੇ ਸੜਕੀ ਪੁਲ ਅਤੇ ਪਾਣੀ ਥਾਲੇ ਬਣੀ ਸੁਰੰਗ ਨਾਲ ਜੋੜੇਗਾ। ਇਸ ਨੂੰ ਮੁਕੰਮਲ ਹੋਣ ਵਿੱਚ ਨੌਂ ਸਾਲ ਲੱਗੇ ਹਨ। ਉਸਾਰੀ ਕਾਮਿਆਂ ਦੀ ਮੌਤ, ਭ੍ਰਿਸ਼ਟਾਚਾਰ ਨਾਲ ਸਬੰਧਤ ਮੁਕੱਦਮਿਆਂ ਤੇ ਬਜਟ ਤੋਂ ਉਪਰ ਖਰਚਾ ਹੋਣ ਕਾਰਨ ਪੁਲ ਦੇ ਕੰਮ ਵਿੱਚ ਕਈ ਵਾਰ ਅੜਿੱਕਾ ਪਿਆ ਸੀ।

# ਲਹਿੰਦੇ ਪੰਜਾਬ ਵਿੱਚ ਦੋ ਬੱਸਾਂ ਦੀ ਟੱਕਰ, 19 ਮੌਤਾਂ, ਕਈ ਜ਼ਖਮੀ

ਲਾਹੌਰ, 24 ਅਕਤੂਬਰ (ਪੋਸਟ ਬਿਊਰੋ)- ਲਹਿੰਦੇ ਪੰਜਾਬ 'ਚ ਦੋ ਬੱਸਾਂ ਵਿਚਕਾਰ ਸਿੱਧੀ ਟੱਕਰ 'ਚ ਲਗਭਗ 19 ਲੋਕਾਂ ਦੇ ਮਰਨ ਅਤੇ 40 ਤੋਂ ਵਧੇਰੇ ਦੇ ਫੱਟੜ ਹੋਣ ਬਾਰੇ ਜਾਣਕਾਰੀ ਮਿਲੀ ਹੈ। ਪੁਲਸ ਅਨੁਸਾਰ ਇਹ ਹਾਦਸਾ ਗਾਜ਼ੀ ਘਾਟ ਇਲਾਕੇ ਦੇ ਨੇੜੇ ਵਾਪਰਿਆ। ਹਾਦਸੇ ਦੌਰਾਨ 15 ਲੋਕਾਂ ਦੀ ਮੌਕੇ ਉਤੇ ਮੌਤ ਹੋ ਗਈ ਅਤੇ ਚਾਰ ਜ਼ਖਮੀਆਂ ਨੇ ਹਸਪਤਾਲ 'ਚ ਇਲਾਜ ਦੌਰਾਨ ਦਮ ਤੋੜ ਦਿੱਤਾ ਅਤੇ 10 ਹੋਰਨਾਂ ਜ਼ਖਮੀਆਂ ਦੀ ਹਾਲਤ ਚਿੰਤਾ ਜਨਕ ਦੱਸੀ ਜਾ ਰਹੀ ਹੈ। ਇਸ ਹਾਦਸੇ 'ਚ ਹਲਾਕ ਹੋਏ ਲੋਕਾਂ 'ਚ ਜ਼ਿਲਾ ਮੁਲਤਾਨ ਦੇ ਇਕੋ ਪਰਵਾਰ ਦੇ 13 ਜੀਅ ਸ਼ਾਮਿਲ ਹਨ। ਬਚਾਅ ਦਲ ਉਸਮਾਨ ਬੁੱਜ਼ਦਰ ਨੇ ਜ਼ਖਮੀਆਂ ਨੂੰ ਵੱਖ-ਵੱਖ ਹਸਪਤਾਲਾਂ 'ਚ ਭਰਤੀ ਕਰਵਾਇਆ ਹੈ। ਫਿਲਹਾਲ ਦੁਰਘਟਨਾ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ।



# ਅਮਰੀਕਾ ਨੇ ਪਾਕਿਸਤਾਨ ਨੂੰ ਅੱਤਵਾਦ ’ਤੇ ਸਖਤ ਸੰਕੇਤ ਦਿੱਤੇ

ਵਾਸ਼ਿੰਗਟਨ, 24 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਨੇ ਅੱਤਵਾਦ ਦੇ ਮਸਲੇ ਉੱਤੇ ਪਾਕਿਸਤਾਨ ਨੂੰ ਇੱਕ ਵਾਰ ਫਿਰ ਸਖਤ ਸੰਦੇਸ਼ ਦਿੱਤਾ ਹੈ। ਉਸ ਦੇ ਵਿਦੇਸ਼ ਮੰਤਰੀ ਮਾਈਕ ਪੋਂਪੀਓ ਨੇ ਕਿਹਾ ਹੈ ਕਿ ਅਫਗਾਨਿਸਤਾਨ ਨਾਲ ਆਪਣੀ ਪੱਛਮੀ ਸਰਹੱਦ ਉੱਤੇ ਅੱਤਵਾਦ ’ਤੇ ਰੋਕ ਲਾਉਣ ’ਚ ਪਾਕਿਸਤਾਨ ਜੇ ਇਮਾਨਦਾਰੀ ਨਹੀਂ ਦਿਖਾਉਂਦਾ ਤਾਂ ਉਸ ਨੂੰ ਇਸ ਦੇ ਲਈ ਸਿੱਧਾ ਜ਼ਿੰਮੇਦਾਰ ਠਹਿਰਾਇਆ ਜਾਵੇਗਾ।



ਮਾਈਕ ਪੋਂਪੀਓ ਨੇ ਕੱਲ੍ਹ ਏਥੇ ਕਿਹਾ ਕਿ ਜਦੋਂ ਉਹ ਬੀਤੇ ਸਤੰਬਰ ’ਚ ਇਸਲਾਮਾਬਾਦ ਦੌਰੇ ’ਤੇ ਗਏ ਤਾਂ ਉਨ੍ਹਾਂ ਨੇ ਇਹ ਸੰਦੇਸ਼ ਪਾਕਿਸਤਾਨੀ ਲੀਡਰਸ਼ਿਪ ਨੂੰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਅਸੀਂ ਇਹ ਸਾਫ ਕਰ ਦਿੱਤਾ ਹੈ ਕਿ ਦੱਖਣ-ਮੱਧ ਏਸ਼ੀਆ ਬਾਰੇ ਅਮਰੀਕੀ ਨੀਤੀ ’ਚ ਕੋਈ ਬਦਲਾਅ ਨਹੀਂ ਆਇਆ। ਅਸੀਂ ਆਸ ਕਰਦੇ ਹਾਂ ਕਿ ਪਾਕਿਸਤਾਨ ਆਪਣੀ ਪੱਛਮੀ ਸਰਹੱਦ ’ਤੇ ਅੱਤਵਾਦੀਆਂ ਨੂੰ ਕੋਈ ਸੁਰੱਖਿਅਤ ਪਨਾਹ ਨਹੀਂ ਦੇਵੇਗਾ। ਅਮਰੀਕੀ ਵਿਦੇਸ਼ ਮੰਤਰੀ ਨੇ ਬੀਤੇ ਪੰਜ ਸਤੰਬਰ ਨੂੰ ਪਾਕਿਸਤਾਨ ਦੇ ਨਵੇਂ ਪ੍ਰਧਾਨ ਮੰਤਰੀ ਇਮਰਾਨ ਖਾਨ ਨਾਲ ਮੁਲਾਕਾਤ ਕੀਤੀ ਅਤੇ ਇਮਰਾਨ ਖਾਨ ’ਤੇ ਦਬਾਅ ਬਣਾਇਆ ਸੀ ਕਿ ਉਹ ਪਾਕਿਸਤਾਨੀ ਧਰਤੀ ਤੋਂ ਚੱਲਦੇ ਅੱਤਵਾਦੀ ਸੰਗਠਨਾਂ ਦੇ ਖਿਲਾਫ ਕਾਰਵਾਈ ਕਰਨ। ਪੋਂਪੀਓ ਨੇ ਇਹ ਸੰਕੇਤ ਵੀ ਦਿੱਤਾ ਕਿ ਪਾਕਿਸਤਾਨ ਦੇ ਸੁਰੱਖਿਆ ਫੰਡ ਰੋਕੇ ਜਾਣ ’ਤੇ ਟਰੰਪ ਪ੍ਰਸ਼ਾਸਨ ਦੀ ਨੀਤੀ ’ਚ ਕੋਈ ਬਦਲਾਅ ਨਹੀਂ ਆਇਆ। ਟਰੰਪ ਸਰਕਾਰ ਨੇ ਪਹਿਲਾਂ ਹੀ ਸਪੱਸ਼ਟ ਕਰ ਦਿੱਤਾ ਸੀ ਕਿ ਜਦੋਂ ਤੱਕ ਅੱਤਵਾਦੀ ਸੰਗਠਨਾਂ ਦੇ ਸਫਾਏ ਲਈ ਸੰਤੋਸ਼ ਜਨਕ ਕਦਮ ਨਹੀਂ ਚੁੱਕੇ ਜਾਣਗੇ, ਉਦੋਂ ਤੱਕ ਫੰਡਾਂ ਉੱਤੇ ਰੋਕ ਜਾਰੀ ਰਹੇਗੀ।

# ਮੁਸ਼ੱਰਫ ਦੇ ਖਿਲਾਫ ਦੇਸ਼ ਧਰੋਹ ਕੇਸ ਦੀ ਸੁਣਵਾਈ ਵਾਲੀ ਵਿਸ਼ੇਸ਼ ਅਦਾਲਤ ਭੰਗ

ਇਸਲਾਮਾਬਾਦ, 24 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨੀ ਫੌਜ ਦੇ ਸਾਬਕਾ ਮੁਖੀ ਪਰਵੇਜ਼ ਮੁਸ਼ੱਰਫ ਦੇ ਖਿਲਾਫ ਦੇਸ਼ ਧਰੋਹ ਦੇ ਕੇਸ ਦੀ ਸੁਣਵਾਈ ਕਰ ਰਹੀ ਲਾਹੌਰ ਦੀ ਹਾਈ ਕੋਰਟ ਦੀ ਇਕ ਬੈਂਚ ਬੁੱਧਵਾਰ ਨੂੰ ਫਿਰ ਭੰਗ ਹੋ ਗਈ ਹੈ, ਕਿਉਂਕਿ ਮੁੱਖ ਜੱਜ ਯਾਵਰ ਅਲੀ ਸੇਵਾ ਮੁਕਤ ਹੋ ਗਏ ਹਨ। ਜੱਜ ਅਲੀ ਤਿੰਨ ਮੈਂਬਰੀ ਬੈਂਚ ਦੀ ਅਗਵਾਈ ਕਰ ਰਹੇ ਸਨ, ਜਿਸ ’ਚ ਜੱਜ ਮਜ਼ਹਰ ਅਕਬਰ ਅਤੇ ਜੱਜ ਤਾਹਿਰਾ ਸਫਦਰ ਵੀ ਸ਼ਾਮਲ ਹਨ।



ਫੌਜ ਦੇ ਸਾਬਕਾ ਮੁਖੀ ਜਨਰਲ ਪਰਵੇਜ਼ ਮੁਸ਼ੱਰਫ (75 ਸਾਲ) ਮਾਰਚ 2016 ਤੋਂ ਦੁਬਈ ਵਿੱਚ ਰਹਿ ਰਹੇ ਹਨ। ਉਨ੍ਹਾਂ ’ਤੇ ਸਾਲ 2007 ’ਚ ਸੰਵਿਧਾਨ ਦਾ ਉਲੰਘਣ ਕਰਨ ਬਾਰੇ ਦੇਸ਼ ਧਰੋਹ ਦਾ ਕੇਸ ਚੱਲ ਰਿਹਾ ਹੈ, ਜਿਸ ਵਿੱਚ ਮੁਸ਼ੱਰਫ ਦੋਸ਼ੀ ਸਾਬਤ ਹੋ ਚੁੱਕੇ ਹਨ ਤੇ ਇਹ ਇਕ ਸਜ਼ਾ ਯੋਗ ਅਪਰਾਧ ਹੈ। ਦੇਸ਼ ਧਰੋਹ ਦੇ ਗੰਭੀਰ ਦੋਸ਼ ਸਿੱਧ ਹੋਣ ਉਤੇ ਦੋਸ਼ੀ ਨੂੰ ਮੌਤ ਜਾਂ ਉਮਰ ਕੈਦ ਦੀ ਸਜ਼ਾ ਮਿਲਦੀ ਹੈ। ਜਨਰਲ ਮੁਸ਼ੱਰਫ ਇਲਾਜ ਲਈ ਦੁਬਈ ਗਏ ਤੇ ਸੁਰੱਖਿਆ ਤੇ ਸਿਹਤ ਸਬੰਧੀ ਕਾਰਨਾਂ ਦਾ ਹਵਾਲਾ ਦੇ ਕੇ ਵਾਪਸ ਨਹੀਂ ਆਏ। ਅਦਾਲਤ ਨੇ ਪਿਛਲੇ ਹਫਤੇ ਉੱਚ ਪੱਧਰੀ ਜੁਡੀਸ਼ਲ ਕਮਿਸ਼ਨ ਬਣਾਉਣ ਦਾ ਹੁਕਮ ਦਿੱਤਾ ਸੀ। ਇਹ ਕਮਿਸ਼ਨ ਦੇਸ਼ ਧਰੋਹ ਕੇਸ ਵਿੱਚ ਦੁਬਈ ਜਾ ਕੇ ਮੁਸ਼ੱਰਫ ਦਾ ਬਿਆਨ ਦਰਜ ਕਰੇਗਾ।

ਇਸ ਤੋਂ ਪਹਿਲਾਂ ਸਾਬਕਾ ਰਾਸ਼ਟਰਪਤੀ ਮੁਸ਼ੱਰਫ ਨੇ ਵੀਡੀਓ ਕਾਨਫਰੰਸ ਰਾਹੀਂ ਅਦਾਲਤ ਸਾਹਮਣੇ ਪੇਸ਼ ਹੋਣ ਤੋਂ ਇਨਕਾਰ ਕਰ ਦਿੱਤਾ ਸੀ। ਪਹਿਲੀ ਸੁਣਵਾਈ ਅਦਾਲਤ 30 ਮਾਰਚ 2018 ਨੂੰ ਉਦੋਂ ਭੰਗ ਹੋ ਗਈ ਸੀ, ਜਦੋਂ ਮੁਸ਼ੱਰਫ ਦੇ ਵਕੀਲ ਵਲੋਂ ਇਤਰਾਜ਼ ਕੀਤੇ ਜਾਣ ਪਿੱਛੋਂ ਜੱਜ ਯਦਾ ਅਫਰੀਦੀ ਨੇ ਖੁਦ ਨੂੰ ਕੇਸ ਤੋਂ ਵੱਖ ਕਰ ਲਿਆ ਸੀ। ਮੁਸ਼ੱਰਫ ਨੇ 1999 ਤੋਂ 2008 ਦੇ ਵਿਚਾਲੇ ਪਾਕਿਸਤਾਨ ’ਤੇ ਸ਼ਾਸਨ ਕੀਤਾ ਸੀ। ਉਨ੍ਹਾਂ ਨੂੰ ਬੇਨਜ਼ੀਰ ਭੁੱਟੋ ਕਤਲ ਮਾਮਲੇ ਅਤੇ ਲਾਲ ਮਸਜਿਦ ਧਰਮ ਗੁਰੂਆਂ ਨੂੰ ਮਾਰਨ ਦੇ ਮਾਮਲੇ ’ਚ ਭਗੌੜਾ ਐਲਾਨ ਕੀਤਾ ਗਿਆ ਹੈ।




Honesty, Reliability, Commitment
HomeLife SilverCity
"Open House Until Sold"
○ 1 yr Home Warranty ○ Appliances & Furniture
○ 40% Discount on Brand Name ○ Free Evaluation & Lowest Commission
Hira Randhawa
Broker
www.hirarandhawa.com | hirarandhawa@yahoo.ca
For all your Real Estate needs: 416.319.0551 or 905.913.8585

| $299,900 | $619,000 | $639,000 | $699,900 |
|---|---|---|---|
| Hwy 20 & Stanley St. | Wanless & Mclaughlin | Hwy 10/ Sandalwood | Chinguacousy/Queen |
| Front And Back Duplex Near Center St. And Clifton Hill. Brand New Roof 2016. Main House Has 2 Bdrms, Finished Attic Space And Full Unfinished Bsmnt With Sep. Ent. Covered Front Porch. Current Tenant Pays $750 Inclusive. | Just One And Half Year New, 3 Bedroom Semi-Detached Home In Great Location With Double Door Entry. Modern Kitchen With SS Appliances, Family Room With W/O Balcony, Upgraded Bathroom Cabinets. Close To All Amenities | A Detach Family Home Located In Desirable Neighbourhood Of Loafer Lake. This Home Offers 4 Generous Size Bedrooms,3 Washrooms, Finished Bsmnt With 2 More Bedroom, Hardwood Floors, Close To All Amenities. | Magnificent Beauty Has Plenty To Offer Located In A Very Demanding Area. Double Door Main Entry, Separate Living Room, Separate Family Room, Beautiful Kitchen And Bedroom With 9' Feet Ceiling, Master Br Has 5Pc... |

Supervisa, Travel Insurance
Call : 416.319.0551


# ਅਮਰੀਕੀ ਜੇਲ੍ਹ 'ਚ ਬੰਦ ਸਿੱਖਾਂ ਨੂੰ ਗੁਰੂ ਘਰ ਵੱਲੋਂ ਆਸਰਾ

ਸਾਲੇਮ, 24 ਅਕਤੂਬਰ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਗੈਰਕਾਨੂੰਨੀ ਪਰਵਾਸ ਬਾਰੇ ‘ਜ਼ੀਰੋ ਟੌਲੇਰੈਂਸ’ ਨੀਤੀ ਹੇਠ ਏਥੋਂ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਬੰਦ ਪਰਵਾਸੀਆਂ ਵਿੱਚੋਂ ਵੱਡੀ ਗਿਣਤੀ ਸਿੱਖਾਂ ਦੀ ਹੈ। ਦਿਹਾਤੀ ਓਰੇਗਨ (ਸ਼ੈਰੀਡਨ) ਦੀ ਫੈਡਰਲ ਜੇਲ੍ਹ ਵਿੱਚ ਬੰਦ ਇਨ੍ਹਾਂ ਸਿੱਖ ਪਰਵਾਸੀਆਂ ਅਤੇ ਰਿਹਾਅ ਹੋ ਚੁੱਕੇ ਸਿੱਖਾਂ ਦੇ ਹੱਕ ਵਿੱਚ ਸਾਲੇਮ ਵਿੱਚ ਗੁਰਦੁਆਰਾ ਦਸ਼ਮੇਸ਼ ਦਰਬਾਰ ਨੇ ਮਦਦ ਦੀ ਬਾਂਹ ਕੱਢੀ ਹੈ। ਗੁਰਦੁਆਰੇ ਵੱਲੋਂ ਸਿੱਖ ਪਰਵਾਸੀਆਂ ਨੂੰ ਸਿਰ ਢੱਕਣ ਤੋਂ ਲੈ ਕੇ ਧਾਰਮਿਕ ਤੇ ਹੋਰ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ। ਇਸ ਦੌਰਾਨ ਓਰੇਗਨ ਦੀ ਵਾਲੰਟੀਅਰ ਸੰਸਥਾ ਸਿੱਖ ਪਰਵਾਸੀਆਂ ਨੂੰ ਹਰ ਸੰਭਵ ਕਾਨੂੰਨੀ ਮਦਦ ਦੇ ਰਹੀ ਹੈ। ਇਸ ਵਾਲੰਟੀਅਰ ਸੰਸਥਾ ਨਾਲ ਜੁੜੇ ਹਵਾਈ ਫੌਜ ਤੋਂ ਸੇਵਾ ਮੁਕਤ ਨੌਰਮ ਅਤੇ ਉਹਦੀ ਪਤਨੀ ਕੈਥੀ ਡੈਵਿਸ ਕੜਕਦੀ ਧੁੱਪ ਵਿੱਚ ਓਰੇਗਨ ਜੇਲ੍ਹ ਦੀ ਕੰਧ ਦੇ ਪਰਛਾਵੇਂ ਹੇਠ ਆ ਕੇ ਖੜੋਂਦੇ ਹਨ। ਉਨ੍ਹਾਂ ਨੂੰ ਜੇਲ੍ਹ ਵਿੱਚੋਂ ਤਿੰਨ ਪਰਵਾਸੀਆਂ ਦੇ ਬਾਹਰ ਆਉਣ ਦੀ ਉਡੀਕ ਹੁੰਦੀ ਹੈ। ਵਾਲੰਟੀਅਰਾਂ ਦੇ ਐਡਹਾਕ ਗਰੁੱਪ ਦੇ ਮੈਂਬਰ ਬਣੇ ਇਸ ਜੋੜੇ ਦਾ ਇਹ ਨਿੱਤ ਦਾ ਕੰਮ ਹੈ। ਅਮਰੀਕਾ ਦੀ ਟਰੰਪ ਸਰਕਾਰ ਵੱਲੋਂ ਦਿਹਾਤੀ ਓਰੇਗਨ ਦੀ ਫੈਡਰਲ ਜੇਲ੍ਹ ਵਿੱਚ 124 ਪਰਵਾਸੀਆਂ ਨੂੰ ਭੇਜਣ ਪਿੱਛੋਂ ਬੀਤੇ ਮਹੀਨਿਆਂ ਵਿੱਚ ਵਾਲੰਟੀਅਰਾਂ ਨੇ ਇਹ ਗਰੁੱਪ ਬਣਾਇਆ ਸੀ। ਜੇਲ੍ਹ ਵਿੱਚ ਅੰਦਾਜ਼ਨ 1600 ਪਰਵਾਸੀ ਬੰਦ ਹਨ, ਜਿਨ੍ਹਾਂ ਵਿੱਚੋਂ ਵੱਡੀ ਗਿਣਤੀ ਸਿੱਖਾਂ ਦੀ ਸੀ। ਨੌਰਮ ਤਐ ਕੈਥੀ ਡੈਵਿਸ ਚਾਰ ਸੌਂ ਹੋਰਨਾਂ ਵਾਲੰਟੀਅਰਾਂ, ਜਿਨ੍ਹਾਂ ਵਿੱਚ ਸੇਵਾ ਮੁਕਤ, ਕਾਲਜਾਂ ਤੋਂ ਤਾਜ਼ਾ-ਤਾਜ਼ਾ ਗ੍ਰੈਜੂਏਸ਼ਨ ਕਰਨ ਵਾਲੇ ਵਿਦਿਆਰਥੀ, ਵਕੀਲ, ਪਾਦਰੀ ਸ਼ਾਮਲ ਹਨ, ਜੇਲ੍ਹ ਵਿੱਚ ਬੰਦ ਇਨ੍ਹਾਂ ਪਰਵਾਸੀਆਂ ਦੀ ਮਦਦ ਲਈ ਨਿੱਤਰੇ ਹਨ। ਇਹ ਵਾਲੰਟੀਅਰ ਪੈਸੇ ਧੇਲੇ ਦਾ ਜੁਗਾੜ ਕਰਨ ਤੋਂ ਅਸਮਰੱਥ ਪਰਵਾਸੀਆਂ ਦੀਆਂ ਜ਼ਮਾਨਤਾਂ ਭਰਨ ਲਈ 12 ਹਜ਼ਾਰ ਡਾਲਰ ਇਕੱਠੇ ਕਰ ਚੁੱਕੇ ਹਨ।


MICHELIN
Hankook
Continental
ROADLUX
BFGoodrich
AEOLUS

BEST TRUCK REPAIR & TIRE CENTRE
ਟਰੱਕਾਂ ਦੇ ਟਾਇਰਾਂ ਤੇ ਇੰਜਣ /ਬੰਕ ਹੀਟਰ ਦੀ ਭਾਰੀ ਸੇਲ



We also Specialize in Engine, Transmission, Differential Rebuild, Safety Inspection & All Kinds of Electric Work
SPECIAL ON TRUCK ALIGNMENT
BRAND NEW MACHINES 2018
Chevron Delo
Brake & Drum - On Special Sale!
-Made in U.S
4 CAT Batteries $500 on Special Sale
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

## ਸਬਰੀਮਾਲਾ ਮੰਦਰ ਮੁੱਦਾ:

# ਖ਼ੂਨ ਨਾਲ ਲਿਬੜਿਆ ਨੈਪਕਿਨ ਕਿਸੇ ਦੇ ਘਰ ਨਹੀਂ ਲਿਜਾਈਦਾ ਤਾਂ ਮੰਦਰ ਵਿੱਚ ਕਿਉਂ : ਸਮ੍ਰਿਤੀ

ਮੁੰਬਈ, 24 ਅਕਤੂਬਰ (ਪੋਸਟ ਬਿਊਰੋ)- ਕੇਰਲ ਦੇ ਸਬਰੀਮਾਲਾ ਮੰਦਰ ਵਿੱਚ ਹਰ ਉਮਰ ਦੀਆਂ ਔਰਤਾਂ ਦੇ ਜਾਣ ਦੀ ਇਜਾਜ਼ਤ ਦੇਣ ਵਾਲੇ ਸੁਪਰੀਮ ਕੋਰਟ ਦੇ ਹੁਕਮ ਦੇ ਖਿਲਾਫ ਪ੍ਰਦਰਸ਼ਨਾਂ ਦੌਰਾਨ ਕੇਂਦਰੀ ਮੰਤਰੀ ਸਮ੍ਰਿਤੀ ਇਰਾਨੀ ਨੇ ਕੱਲ੍ਹ ਕਿਹਾ ਕਿ ਪੂਜਾ ਦੇ ਅਧਿਕਾਰ ਦਾ ਮਤਲਬ ਤੁਹਾਨੂੰ ਅਪਵਿੱਤਰ ਕਰਨ ਦਾ ਅਧਿਕਾਰ ਮਿਲ ਜਾਣਾ ਨਹੀਂ ਹੈ। ਸੁਪਰੀਮ ਕੋਰਟ ਦੀ ਪੰਜ ਮੈਂਬਰੀ ਸੰਵਿਧਾਨਕ ਬੈਂਚ ਨੇ 28 ਸਤੰਬਰ ਨੂੰ ਮੰਦਰ ਵਿੱਚ 10 ਤੋਂ 50 ਸਾਲ ਤੱਕ ਹਰ ਉਮਰ ਦੀਆਂ ਔਰਤਾਂ ਦੇ ਦਾਖਲੇ 'ਤੇ ਲੱਗੀ ਪਾਬੰਦੀ ਹਟਾ



ਦਿੱਤੀ ਸੀ। ਕੋਰਟ ਦੇ ਫੈਸਲੇ ਦੇ ਖਿਲਾਫ ਪ੍ਰਦਰਸ਼ਨਾਂ ਦੇ ਕਾਰਨ ਔਰਤਾਂ ਨੂੰ ਸਬਰੀਮਾਲਾ ਮੰਦਰ ਵਿੱਚ ਜਾਣ ਤੋਂ ਰੋਕ ਦਿੱਤਾ ਗਿਆ ਸੀ। ਸਮ੍ਰਿਤੀ ਈਰਾਨੀ ਨੇ ਕਿਹਾ, ਉਹ ਸੁਪਰੀਮ ਕੋਰਟ ਦੇ ਹੁਕਮ ਦੇ ਖਿਲਾਫ ਬੋਲਣ ਵਾਲੀ ਕੋਈ ਨਹੀਂ, ਕਿਉਂਕਿ ਉਹ ਕੈਬਨਿਟ ਮੰਤਰੀ ਹਨ, ਪਰ ਇਹ ਆਮ ਜਿਹੀ ਗੱਲ ਹੈ ਕਿ ਕੀ ਤੁਸੀਂ ਖ਼ੂਨ ਨਾਲ ਲਿਬੜਿਆ ਨੈਪਕਿਨ ਲੈ ਕੇ ਕਿਸੇ ਦੋਸਤ ਦੇ ਘਰ ਚਲੇ ਜਾਓਗੇ, ਤੁਸੀਂ ਅਜਿਹਾ ਨਹੀਂ ਕਰੋਗੇ। ਉਨ੍ਹਾਂ ਕਿਹਾ ਕਿ ਕੀ ਤੁਹਾਨੂੰ ਲੱਗਦਾ ਹੈ ਕਿ ਭਗਵਾਨ ਦੇ ਘਰ ਏਦਾਂ ਜਾਣਾ ਸਨਮਾਨ ਜਨਕ ਹੈ? ਇਹੀ ਫਰਕ ਹੈ। ਮੈਨੂੰ ਪੂਜਾ ਦਾ ਅਧਿਕਾਰ ਹੈ, ਪਰ ਅਪਵਿੱਤਰ ਕਰਨ ਦਾ ਨਹੀਂ।

## ਸੀ ਪੀ ਈ ਸੀ ਖਿਲਾਫ ਪਾਕਿਸਤਾਨ ਵਿੱਚ ਉਠਦੀ ਆਵਾਜ਼ ਤੋਂ ਚੀਨ ਪਰੇਸ਼ਾਨ

ਨਵੀਂ ਦਿੱਲੀ, 24 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਚੀਨ ਦੀ ਮਦਦ ਨਾਲ ਬਣ ਰਹੇ ਸੀ ਪੀ ਈ ਪ੍ਰੋਜੈਕਟ 'ਤੇ ਉਸ ਦੇਸ਼ ਵਿੱਚ ਉਠਦੀਆਂ ਵਿਰੋਧੀ ਸੁਰਾਂ ਤੋਂ ਚੀਨ ਪ੍ਰੇਸ਼ਾਨ ਹੋ ਰਿਹਾ ਹੈ। ਇਹੀ ਕਾਰਨ ਹੈ ਕਿ ਉਸ ਵੱਲੋਂ ਇਸ ਬਾਰੇ ਜਵਾਬ ਦਿੱਤਾ ਜਾ ਰਿਹਾ ਹੈ। ਇਹ ਜਵਾਬ ਕਿਸੇ ਹੋਰ ਨੇ ਨਹੀਂ, ਚੀਨੀ ਰਾਸ਼ਟਰਪਤੀ ਦੇ ਸਲਾਹਕਾਰ ਪ੍ਰੋਫੈਸਰ ਸਨ ਹੋਂਗਕੀ ਨੇ ਦਿੱਤਾ ਹੈ, ਜਿਸ ਨਾਲ ਪਾਕਿਸਤਾਨ ਸਰਕਾਰ ਦੀ ਚਿੰਤਾ ਵਧ ਗਈ ਹੈ। ਦਰਅਸਲ ਬਿਲੀਅਨ ਡਾਲਰ ਦੇ ਇਸ ਪ੍ਰੋਜੈਕਟ ਕਾਰਨ ਪਾਕਿਸਤਾਨ ਆਰਥਿਕ ਤੰਗੀ ਨਾਲ ਜੂਝ ਰਿਹਾ ਹੈ। ਇਸ ਸੰਬੰਧੀ ਲਗਾਤਾਰ ਆਰਥਿਕ ਮਾਹਰ ਪਾਕਿਸਤਾਨ ਨੂੰ ਚੌਕੰਨਾ ਕਰ ਰਹੇ ਜਾਂ ਅਪੀਲ ਕਰ ਰਹੇ ਹਨ। ਵਿੱਚ-ਵਿਚਾਲੇ ਇਸ ਪ੍ਰੋਜੈਕਟ ਦੇ ਖਿਲਾਫ ਲੋਕਾਂ ਵੱਲੋਂ ਵੀ ਵਿਰੋਧੀ ਸੁਰ ਸੁਣਾਈ ਦਿੰਦੇ ਰਹੇ ਹਨ, ਪਰ ਸਭ ਤੋਂ ਖਾਸ ਗੱਲ ਇਹ ਹੈ ਕਿ ਨਵਾਜ਼ ਸ਼ਰੀਫ ਸਰਕਾਰ ਦੌਰਾਨ ਇਸ ਪ੍ਰੋਜੈਕਟ ਖਿਲਾਫ ਬੋਲਣ ਵਾਲਾ ਇਮਰਾਨ ਖਾਨ ਅੱਜ ਕੱਲ੍ਹ ਇਸ 'ਤੇ ਚੁੱਪ ਧਾਰੀ ਬੈਠਾ ਹੈ।

# ਕੌਂਸਲ ਦੇ ਸਿੱਖ ਉਮੀਦਵਾਰ ਉੱਤੇ ਨਸਲੀ ਹਮਲਾ

ਐਡੀਲੇਡ, 24 ਅਕਤੂਬਰ (ਪੋਸਟ ਬਿਊਰੋ)- ਆਸਟਰੇਲੀਆ ਮੌਰੋਨੀ ਵੱਲੋਂ ਬਣਾਈ ਵੀਡੀਓ ਵਿੱਚ ਪੋਰਟ ਅਗਸਤਾ ਦੇ ਕੌਂਸਲ ਉਮੀਦਵਾਰ ਸੰਨੀ ਸਿੰਘ ਦੇ ਚੋਣ ਪੋਸਟਰ ਉਤੇ ਕੰਮ ਦੀ ਪਾਉਣ ਵਾਲੀ ਵਰਦੀ ਨੂੰ ਲੈ ਕੇ ਨਸਲੀ ਟਿੱਪਣੀ ਰਾਹੀਂ ਅਪਸ਼ਬਦ ਬੋਲਦੇ ਹੋਏ ਟਰੱਕਿਗ ਫੇਸਬੁੱਕ 'ਤੇ ਪੁੱਜ ਕੇ ਪੋਸਟ ਕੀਤਾ ਗਿਆ ਹੈ। ਇਸ ਵੀਡੀਓ ਨੂੰ ਵੇਖ ਸਭ ਕਮਿਊਨਟੀਜ਼ ਸਮੇਤ ਪੰਜਾਬੀ ਭਾਈਚਾਰੇ ਵੱਲੋਂ ਰੋਸ ਪ੍ਰਗਟ ਕਰਦਿਆਂ ਕਰੜੇ ਸ਼ਬਦਾਂ ਨਿੰਦਾ ਕੀਤੀ ਗਈ ਹੈ।

ਮੌਰੋਨੀ ਵੱਲੋਂ ਬਣਾਈ ਗਈ ਵੀਡੀਓ ਵਿੱਚ ਸੰਨੀ ਸਿੰਘ, ਜੋ ਪੋਰਟ ਅਗਸਤਾ 'ਚ ਕੌਂਸਲਰ ਲਈ ਉਮੀਦਵਾਰ ਵਜੋਂ ਚੋਣ ਲੜ ਰਿਹਾ ਹੈ, ਦੀ ਉਹ ਫੋਟੋ, ਜਦੋਂ ਉਹ ਟਰੈਕ ਚਲਾ ਰਿਹਾ ਹੈ, ਪੋਸਟਰ ਲਾ ਕੇ ਬੋਲੀ ਗਈ ਸ਼ਬਦਾਵਲੀ ਵਰਤਣ 'ਤੇ ਵੱਖ-ਵੱਖ ਸੰਸਥਾਵਾਂ ਦੇ ਮੁਖੀਆਂ ਨੇ ਨਸਲਵਾਦੀ ਟਿੱਪਣੀ ਦੀ ਘਿਨਾਉਣੀ ਹਰਕਤ ਕਰਾਰ ਦਿੰਦੇ ਹੋਏ ਪੂਰੀ ਤਰ੍ਹਾਂ ਰੱਦ ਕਰ ਕੇ ਕਿਹਾ ਕਿ ਅਜਿਹੀਆਂ ਹਰਕਤਾਂ ਕੌਮੀ ਪੱਧਰ 'ਤੇ ਨਿੰਦਣ ਯੋਗ ਹਨ। ਪੋਰਟ ਅਗਸਤਾ ਦੇ ਮੇਅਰ ਸੈਮ ਜਾਨਸਨ ਨੇ ਸੰਨੀ ਸਿੰਘ ਬਾਰੇ ਕਿਹਾ ਕਿ ਇਹ ਮਿਹਨਤੀ ਸਿੱਖ ਨੌਜਵਾਨ 10 ਸਾਲ ਪਹਿਲਾਂ ਇਕ ਸੂਟ ਕੇਸ 'ਤੇ ਤਿੰਨ ਹਜ਼ਾਰ ਡਾਲਰ ਨਾਲ ਇਸ ਖੇਤਰ ਵਿੱਚ ਮਿਹਨਤ ਕਰਨ ਆਇਆ ਸੀ ਤੇ ਇਸ ਦੇ ਬਾਰੇ ਇਹ ਸੰਦੇਸ਼ ਫੇਸਬੁੱਕ 'ਤੇ ਸਾਂਝਾ ਕਰਦਿਆਂ ਉਨ੍ਹਾਂ ਦੇ ਪਰਵਾਰ ਨੂੰ ਇਲਾਕੇ 'ਚ ਪ੍ਰਸੰਗਾਂ ਦੇ ਪਾਤਰ ਦੱਸਦੇ ਹੋਏ ਸਤਿਕਾਰਤ ਦੱਸਿਆ, ਜਿਸ ਕਰਕੇ ਸੰਨੀ ਸਿੰਘ ਸਮਾਜ ਦਾ ਸਨਮਾਨ ਯੋਗ ਅੰਗ ਬਣ ਚੁੱਕਾ ਹੈ। ਸੰਨੀ ਸਿੰਘ ਅਨੁਸਾਰ ਜਦੋਂ ਉਨ੍ਹਾਂ ਵੀਡੀਓ ਪਹਿਲਾਂ ਵੇਖੀ ਤਾਂ ਕਾਫੀ ਰੋਸ ਆਇਆ ਤੇ ਇਸ ਸਬੰਧੀ ਦੇਸ਼ ਵਿਦੇਸ਼ ਤੋਂ ਫੋਨ ਆਏ, ਪਰ ਫੇਸਬੁੱਕ ਜਾਂ ਨਿੱਜੀ ਤੌਰ ਸਭਨਾਂ ਵੱਲੋਂ ਮਿਲੇ ਪਿਆਰ ਕਰਕੇ ਸੋਚਿਆ ਕਿ ਇਹ ਹਾਲਤ ਹੱਲ ਲੱਭਣ ਦੇ ਯੋਗ ਹੁੰਦੇ ਹਨ।

# ਰਾਂਚੀ ਵਿੱਚ ਜਾਸੂਸੀ ਕਰਦੇ ਦਰਜਨ ਦੇ ਕਰੀਬ ਲੋਕ ਏ ਟੀ ਐੱਸ ਨੇ ਫੜੇ

ਰਾਂਚੀ, 24 ਅਕਤੂਬਰ (ਪੋਸਟ ਬਿਊਰੋ)- ਏ ਟੀ ਐੱਸ (ਐਂਟੀ ਟੈਰੇਰਿਸਟ ਸਕਵਾਡ) ਦੀ ਟੀਮ ਨੇ ਰਾਂਚੀ ਵਿੱਚ ਚੱਲਦੀਆਂ ਦੇਸ਼ ਧਰੋਹੀ ਗਤੀਵਿਧੀਆਂ ਅਤੇ ਖੁਫੀਆ ਸੂਚਨਾਵਾਂ ਨੂੰ ਲੀਕ ਕਰਨ ਦੀ ਖੇਡ ਦਾ ਪਰਦਾ ਫਾਸ਼ ਕੀਤਾ ਹੈ।

ਏ ਟੀ ਐੱਸ ਨੇ ਰਾਂਚੀ ਵਿੱਚ ਦੋ ਥਾਈਂ ਛਾਪੇਮਾਰੀ ਕਰ ਕੇ ਪਾਕਿਸਤਾਨ ਦੇ ਲਈ ਜਾਸੂਸੀ ਕਰ ਰਹੇ ਇੱਕ ਦਰਜਨ ਲੋਕਾਂ ਨੂੰ ਹਿਰਾਸਤ ਵਿੱਚ ਲਿਆ ਹੈ। ਪੁਲਸ ਸੂਤਰਾਂ ਅਨੁਸਾਰ ਫੜੇ ਗਏ ਗਿਰੋਹ ਦੇ ਮੈਂਬਰ ਰਾਂਚੀ ਵਿੱਚ ਟੈਲੀਕਾਮ ਕੰਪਨੀ ਦਾ ਟਾਵਰ ਲਾ ਕੇ ਸਿਮ ਬਾਕਸ ਚਲਾ ਰਹੇ ਸਨ। ਇਸ ਨੂੰ ਦੁਬਈ ਤੋਂ ਆਪਰੇਟ ਕੀਤਾ ਜਾਂਦਾ ਸੀ। ਸਿਮ ਬਾਕਸ ਦੀ ਵਰਤੋਂ ਰਾਂਚੀ ਤੋਂ ਕਸ਼ਮੀਰ ਸਮੇਤ ਦੇਸ਼ ਦੇ ਵੱਖ-ਵੱਖ



ਹਿੱਸਿਆਂ ਫਿਰਕੂ ਹਿੰਸਾ ਫੈਲਾਉਣ, ਦੰਗਾ ਭੜਕਾਉਣ ਦੇ ਨਾਲ ਰਣਨੀਤਕ ਨਜ਼ਰੀਏ ਤੋਂ ਮਹੱਤਵ ਪੂਰਨ ਖੁਫੀਆ ਸੂਚਨਾਵਾਂ ਨੂੰ ਲੀਕ ਕਰਨ ਲਈ ਕੀਤਾ ਜਾ ਰਿਹਾ ਸੀ।

ਮਿਲੀ ਜਾਣਕਾਰੀ ਅਨੁਸਾਰ ਏ ਟੀ ਐੱਸ ਵੱਲੋਂ ਰਾਂਚੀ ਦੇ ਇਲਾਵਾ ਜਮਸ਼ੇਦਪੁਰ, ਧਨਬਾਦ, ਜਾਮਤਾੜਾ ਅਤੇ ਪਾਕੁੜ ਵਿੱਚ ਵੀ ਛਾਪੇ ਮਾਰੇ ਗਏ ਹਨ। ਦੋ ਦਰਜਨ ਤੋਂ ਵੱਧ ਟੀਮਾਂ ਇਸ ਵਿੱਚ ਲੱਗੀਆਂ ਹਨ। ਪੁਲਸ ਅਧਿਕਾਰੀ ਇਸ ਬਾਰੇ ਵਿੱਚ ਚੁੱਪ ਵੱਟ ਰਹੇ ਹਨ। ਇਸ ਗਿਰੋਹ ਨੂੰ ਫੜਨ ਲਈ ਏ ਟੀ ਐੱਸ ਅਤੇ ਸੀ ਆਈ ਡੀ ਦੇ ਨਾਲ ਸਪੈਸ਼ਲ ਬ੍ਰਾਂਚ ਵੀ ਲੱਗੀ ਸੀ। ਇੱਕ ਵਿਸ਼ੇਸ਼ ਮੁਹਿੰਮ ਦੌਰਾਨ ਏ ਟੀ ਐੱਸ ਟੀਮ ਨੇ ਰਾਂਚੀ ਦੇ ਕਾਂਟਾਟੋਲੀ ਅਤੇ ਕਾਂਕੇ ਰੋਡ ਵਿੱਚ ਛਾਪੇ ਮਾਰ ਕੇ ਦਰਜਨ ਦੇ ਗਰੀਬ ਲੋਕਾਂ ਨੂੰ ਹਿਰਾਸਤ ਵਿੱਚ ਲਿਆ ਹੈ।

# ਕਤਲ ਹੋਇਆ ਧਰੁਵ ਮੌਤ ਦੇ ਬਾਅਦ ਵੀ ਤਾਰਾ ਬਣ ਕੇ ਚਮਕੇਗਾ

ਗੁਰੂਗਰਾਮ, 24 ਅਕਤੂਬਰ (ਪੋਸਟ ਬਿਊਰੋ)- ਗੁਰੂਗਰਾਮ ਦੇ ਵਧੀਕ ਤੇ ਜ਼ਿਲ੍ਹਾ ਸੈਸ਼ਨ ਜੱਜ ਕ੍ਰਿਸ਼ਨ ਕਾਂਤ ਦੇ ਸੁਰੱਖਿਆ ਗਾਰਡ ਵੱਲੋਂ ਗੋਲੀ ਮਾਰਨ ਨਾਲ ਜ਼ਖਮੀ ਹੋਏ ਉਨ੍ਹਾਂ ਦੇ ਪੁੱਤਰ ਧਰੁਵ (16) ਨੇ ਵੀ ਕੱਲ੍ਹ ਪ੍ਰਾਣ ਤਿਆਗ ਦਿੱਤੇ। ਜੱਜ ਦੀ ਪਤਨੀ ਰੇਣੂ (ਰਿਤੂ) ਦੀ ਵਾਰਦਾਤ ਵਾਲੇ ਦਿਨ ਹੀ ਮੌਤ ਹੋ ਗਈ ਸੀ।

ਦਸ ਦਿਨ ਤੱਕ ਮੌਤ ਨਾਲ ਜੂਝਦਾ ਰਿਹਾ ਧਰੁਵ ਤਿੰਨ ਲੋਕਾਂ ਨੂੰ ਨਵੀਂ ਜ਼ਿੰਦਗੀ ਦੇ ਗਿਆ ਹੈ। ਉਸ ਦੇ ਪਿਤਾ ਦੀ ਇੱਛਾ ਉੱਤੇ ਧਰੁਵ ਦੀਆਂ ਦੋਵੇਂ ਕਿਡਨੀਆਂ ਅਤੇ ਲੀਵਰ ਦਾਨ ਕਰ ਦਿੱਤਾ ਗਿਆ। ਇੱਕ-ਇੱਕ ਕਿਡਨੀ ਦਾ ਟਰਾਂਸਪਲਾਂਟ ਦੋ ਅਲੱਗ-ਅਲੱਗ ਮਰੀਜ਼ਾਂ ਨੂੰ ਕੀਤਾ ਗਿਆ। ਲੀਵਰ ਦਾ ਟਰਾਂਸਪਲਾਂਟ ਇੱਕ ਹੋਰ ਮਰੀਜ਼ ਨੂੰ ਕੀਤਾ ਗਿਆ। ਪਰਵਾਰ ਨੇ ਦੋਵੇਂ ਅੱਖਾਂ ਤੇ ਦਿਲ ਵੀ ਦਾਨ ਕਰਨ ਦੀ ਇੱਛਾ ਜ਼ਾਹਰ ਕੀਤੀ ਸੀ। ਦਿਲ ਟਰਾਂਸਪਲਾਂਟ ਦੇ ਲਈ ਤੁਰੰਤ ਕੋਈ ਲੋੜਵੰਦ ਮਰੀਜ਼ ਨਹੀਂ ਮਿਲਿਆ, ਉਥੇ ਹੀ ਅੱਖਾਂ ਖਰਾਬ ਹੋਣ ਕਾਰਨ ਦਾਨ ਨਹੀਂ ਕੀਤੀਆਂ ਜਾ ਸਕੀਆਂ।

ਫੋਰੈਂਸਿਕ ਐਕਸਪਰਟ ਦੀਪਕ ਮਾਥੁਰ ਦੇ ਅਨੁਸਾਰ ਧਰੁਵ ਦੇ ਸਿਰ ਵਿੱਚ ਤਿੰਨ ਗੋਲੀਆਂ ਮਾਰੀਆਂ ਗਈਆਂ ਸਨ। ਸਰੀਰ ਦੇ ਬਾਕੀ ਹਿੱਸਿਆਂ ਵਿੱਚ ਸੱਟ ਲੱਗੀ ਨਿਕਲੀ ਹੈ। ਚਾਰ ਮੈਂਬਰੀ ਮੈਡੀਕਲ ਬੋਰਡ ਦੇ ਪੋਸਟ ਮਾਰਟਮ ਪਿੱਛੋਂ ਲਾਸ਼ ਨੂੰ ਮੇਦਾਂਤਾ ਹਸਪਤਾਲ ਦੀ ਮੋਰਚਰੀ ਵਿੱਚ ਰੱਖਿਆ ਗਿਆ ਹੈ। ਕੱਲ੍ਹ ਦੁਪਹਿਰ ਕਰੀਬ 12 ਵਜੇ ਹਿਸਾਰ ਵਿੱਚ ਹੀ ਅੰਤਿਮ ਸਸਕਾਰ ਹੋਵੇਗਾ।

ਏ ਡੀ ਜੇ ਦੇ ਸੁਰੱਖਿਆ ਗਾਰਡ ਮਹੀਪਾਲ ਨੇ ਉਨ੍ਹਾਂ ਦੀ ਪਤਨੀ ਰੇਣੂ ਤੇ ਬੇਟੇ ਧਰੁਵ ਨੂੰ 13 ਅਕਤੂਬਰ ਨੂੰ ਸੈਕਟਰ 49 ਦੇ ਆਰਕੇਡੀਆ ਮਾਰਕੀਟ ਵਿੱਚ ਗੋਲੀ ਮਾਰ ਦਿੱਤੀ ਸੀ, ਜਿਸ ਨਾਲ ਜੱਜ ਦੀ ਪਤਨੀ ਦੀ ਮੌਤ ਹੋ ਗਈ ਸੀ। ਗੰਭੀਰ ਜ਼ਖਮੀ ਧਰੁਵ ਨੂੰ ਮੇਦਾਂਤਾ ਹਸਪਤਾਲ ਦਾਖਲ ਕਰਾਇਆ ਗਿਆ ਸੀ। ਉਸ ਨੂੰ ਆਈ ਸੀ ਯੂ ਵਿੱਚ ਵੈਂਟੀਲੇਟਰ ਦੇ ਸਹਾਰੇ ਰੱਖ ਕੇ ਡਾਕਟਰ ਜਾਨ ਬਚਾਉਣ ਵਿੱਚ ਲੱਗੇ ਸਨ। ਸਿਰ ਵਿੱਚ ਗੋਲੀ ਲੱਗਣ ਕਾਰਨ ਨਾੜੀ ਕੱਟੀ ਗਈ ਸੀ ਜਿਸ ਦੇ ਕਾਰਨ ਦਿਮਾਗ ਕੰਮ ਨਹੀਂ ਕਰ ਰਿਹਾ ਸੀ, ਜਦ ਕਿ ਸਰੀਰ ਦੇ ਬਾਕੀ ਅੰਗ ਕੰਮ ਕਰ ਰਹੇ ਸਨ। ਕੱਲ੍ਹ ਤੜਕੇ ਡਾਕਟਰਾਂ ਨੇ ਬ੍ਰੇਨ ਡੈੱਡ ਦੱਸਦੇ ਹੋਏ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਸੀ।

## ਅਰਾਵਲੀ ਵਿਚ ਨਾਜਾਇਜ਼ ਮਾਈਨਿੰਗ ਰੋਕੋ: ਸੁਪਰੀਮ ਕੋਰਟ

ਨਵੀਂ ਦਿੱਲੀ, 24 ਅਕਤੂਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੱਲ੍ਹ ਰਾਜਸਥਾਨ ਸਰਕਾਰ ਨੂੰ ਹੁਕਮ ਦਿੱਤਾ ਕਿ 48 ਘੰਟੇ ਦੇ ਅੰਦਰ ਅਰਾਵਲੀ ਦੀਆਂ ਪਹਾੜੀਆਂ ਦੇ 115.34 ਹੈਕਟੇਅਰ ਖੇਤਰ ਵਿੱਚ ਨਾਜਾਇਜ਼ ਮਾਈਨਿੰਗ ਨੂੰ ਬੰਦ ਕੀਤਾ ਜਾਵੇ। ਜਸਟਿਸ ਮਦਨ ਬੀ ਲੋਕੁਰ ਅਤੇ ਜਸਟਿਸ ਦੀਪਕ ਗੁਪਤਾ ਦੀ ਬੈਂਚ ਨੇ ਕਿਹਾ ਕਿ ਉਹ ਇਹ ਆਦੇਸ਼ ਦੇਣ ਲਈ ਮਜ਼ਬੂਰ ਹਨ, ਕਿਉਂਕਿ



ਰਾਜਸਥਾਨ ਸਰਕਾਰ ਨੇ ਇਸ ਮਾਮਲੇ ਨੂੰ ਬਹੁਤ ਹਲਕੇ ਵਿੱਚ ਲਿਆ ਹੈ।

ਇਸ ਸੰਬੰਧ ਵਿੱਚ ਸੁਪਰੀਮ ਕੋਰਟ ਨੇ ਕੇਂਦਰੀ ਅਧਿਕਾਰ ਪ੍ਰਾਪਤ ਕਮੇਟੀ ਦੀ ਰਿਪੋਰਟ ਦਾ ਜ਼ਿਕਰ ਕੀਤਾ ਕਿ ਰਾਜ ਦੇ ਅਰਾਵਲੀ ਇਲਾਕੇ ਵਿੱਚ 31 ਪਹਾੜੀਆਂ ਗਾਇਬ ਹੋ ਚੁੱਕੀਆਂ ਹਨ। ਬੈਂਚ ਨੇ ਕਿਹਾ ਕਿ ਦਿੱਲੀ ਵਿੱਚ ਪ੍ਰਦੂਸ਼ਣ ਦੇ ਪੱਧਰ ਵਿੱਚ ਵਾਧੇ ਦਾ ਇਕ ਕਾਰਨ ਰਾਜਸਥਾਨ ਵਿੱਚ ਇਨ੍ਹਾਂ ਪਹਾੜੀਆਂ ਦਾ ਗਾਇਬ ਹੋਣਾ ਵੀ ਹੋ ਸਕਦਾ ਹੈ। ਅਦਾਲਤ ਨੇ ਇਸ ਹੁਕਮ 'ਤੇ ਅਮਲ ਬਾਰੇ ਇਕ ਐਫੀਡੇਵਿਟ ਦਾਖਲ ਕਰਨ ਦਾ ਰਾਜ ਦੇ ਮੁੱਖ ਸਕੱਤਰ ਨੂੰ ਹੁਕਮ ਵੀ ਦਿੱਤਾ ਹੈ।

## ਮਹਾਸਾਗਰਾਂ ਵਿੱਚ ਚੀਨ ਦੀ ਚੌਧਰ ਨੂੰ ਭਾਰਤ ਤੇ ਜਾਪਾਨ ਮਿਲ ਕੇ ਰੋਕਣਗੇ

ਨਵੀਂ ਦਿੱਲੀ, 24 ਅਕਤੂਬਰ (ਪੋਸਟ ਬਿਊਰੋ)- ਭਾਰਤ ਅਤੇ ਜਾਪਾਨ ਵਿਚਾਲੇ ਫੌਜੀ ਰਸਦ ਨਾਲ ਜੁੜਿਆ ਇਕ ਅਹਿਮ ਸਮਝੌਤਾ ਹੋ ਸਕਦਾ ਹੈ। ਇਸ ਸਮਝੌਤੇ ਨਾਲ ਦੋਵਾਂ ਦੇਸ਼ਾਂ ਨੂੰ ਇਕ ਦੂਸਰੇ ਦੇ ਨੇਵੀ ਅੱਡਿਆਂ ਤੋਂ ਕਈ ਸੁਵਿਧਾਵਾਂ ਮਿਲ ਸਕਣਗੀਆਂ। ਹਿੰਦ ਮਹਾਸਾਗਰ ਅਤੇ ਦੱਖਣੀ ਚੀਨ ਸਾਗਰ ਵਿੱਚ ਚੀਨ ਦੇ ਵਧਦੇ ਪ੍ਰਭਾਵ ਨੂੰ ਰੋਕਣ ਵਿੱਚ ਇਹ ਸਮਝੌਤਾ ਦੋਵਾਂ ਦੇਸ਼ਾਂ ਲਈ ਬੇਹੱਦ ਅਹਿਮ ਸਾਬਤ ਹੋ ਸਕਦਾ ਹੈ।

ਇਸ ਹਫਤੇ ਦੇ ਅੰਤ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਾਪਾਨ ਦੌਰੇ 'ਤੇ ਹੋਣਗੇ। ਇਸ ਦੌਰਾਨ ਜਾਪਾਨੀ ਪ੍ਰਧਾਨ ਮੰਤਰੀ ਸ਼ਿੰਜੋ ਆਬੇ ਦੇ ਨਾਲ ਕਰਾਸ ਸਰਿਵਸਿੰਗ ਐਗਰੀਮੈਂਟ ਉਨ੍ਹਾਂ ਦਾ ਵੱਡਾ ਏਜੰਡਾ ਹੋਵੇਗਾ। ਭਾਰਤ ਵਿੱਚ ਜਾਪਾਨ ਦੇ ਰਾਜਦੂਤ ਕੇਂਜੀ ਹਿਰਾਮਾਤਸੂ ਨੇ ਕਿਹਾ ਕਿ ਦੋਵਾਂ ਦੇਸ਼ਾਂ ਵਿੱਚ ਫੌਜੀ ਰਸਦ ਬਾਰੇ ਇਹ ਸਮਝੌਤਾ ਹੋ ਸਕਦਾ ਹੈ। ਉਮੀਦ ਹੈ ਕਿ ਸਮਝੌਤੇ 'ਤੇ ਰਸਮੀ ਗੱਲਬਾਤ ਸ਼ੁਰੂ ਹੋਵੇਗੀ। ਇਹ ਚੰਗਾ ਸਮਾਂ ਹੈ ਜਦ ਅਸੀਂ ਰਸਦ ਦੇ ਮਾਮਲੇ ਵਿੱਚ ਇਕ ਦੂਸਰੇ ਦੀ ਮਦਦ ਕਰ ਸਕਦੇ ਹਾਂ। ਇਸ ਸਮਝੌਤੇ ਹੇਠ ਜਾਪਾਨ ਦੇ ਜਹਾਜ਼ਾਂ ਨੂੰ ਭਾਰਤ ਦੇ ਨੇਵੀ ਅੱਡਿਆਂ ਤੋਂ ਕਈ ਸੁਵਿਧਾਵਾਂ ਮਿਲ ਸਕਣਗੀਆਂ। ਉਹ ਅੰਡੇਮਾਨ ਅਤੇ ਨੀਕੋਬਾਰ ਵਰਗੇ ਦੀਪਾਂ ਵਿੱਚ ਵੀ ਤੇਲ ਤੇ ਹੋਰ ਸਮੱਗਰੀ ਲੈ ਸਕਣਗੇ। ਅੰਡੇਮਾਨ ਅਤੇ ਨੀਕੋਬਾਰ ਮਲੱਕਾ ਸਟ੍ਰੇਟ ਦੇ ਬੇਹੱਦ ਨੇੜੇ ਹੈ, ਜਿਥੋਂ ਜਾਪਾਨ ਹੀ ਨਹੀਂ, ਚੀਨ ਦੇ ਵੀ ਕਾਰੋਬਾਰੀ ਜਹਾਜ਼ ਲੰਘਦੇ ਹਨ। ਠੀਕ ਇਸੇ ਤਰ੍ਹਾਂ ਵੀ ਜਾਪਾਨ ਦੇ ਨੇਵੀ ਅੱਡਿਆਂ ਤੋਂ ਸੁਵਿਧਾਵਾਂ ਲੈ ਸਕੇਗਾ।



Auto | Home | Business

"ਵਾਜਿਬ ਰੇਟ ਤੇ ਵਧੀਆ ਕਵਰੇਜ"

LUCKY

◦Unbeatable Prices ◦Huge Discounts on
◦Good Rates Various Insurances

Harmanjeet Kaur | 905.602.1629

LUCKY INSURANCE BROKERS LIMITED | 1550 South Gateway Road, Suite #230 Mississauga, ON L4W 5G6





Matrimonial

ਰਿਸ਼ਤੇ ਹੀ ਰਿਸ਼ਤੇ

Starting at just $10

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202


## ਲੜਕੀ ਦੀ ਲੋੜ

Seeking a suitable match for Brahmin Boy, Height 5'-10", September 1981 born, ME Computers. Canadian PR holder. Well settled and working with reputed MNC. Contact +1-416-825-8106. Please send biodata and recent pictures at brahminboy81@gmail.com

Mann ਜੱਟ ਸਿੱਖ,ਉਮਰ 25 ਸਾਲ, ਕੱਦ 6 ਫੁੱਟ, Italian born, , ਚੰਗੀ ਨੌਕਰੀ ਕਰਦੇ ਲੜਕੇ ਲਈ PR ਜੱਟ ਸਿੱਖ ਲੜਕੀ ਦੀ ਲੋੜ। ਸਟੂਡੈਂਟ ਜਾਂ work permit 'ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਲੜਕਾ work permit 'ਤੇ ਹੈ। ਸੰਪਰਕ ਕਰੋ - 647-981-0014 , 416-918-7517

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804

ਜੱਟ ਸਿੱਖ ਭੁੱਲਰ ਲੜਕਾ, ਉੱਮਰ 35 ਸਾਲ, ਕੱਦ 6'1", ਕੈਨੇਡੀਅਨ ਸਿਟੀਜਨ ਲਈ ਲੜਕੀ ਦੀ ਲੋੜ ਹੈ। ਲੜਕਾ ਸੈਟਲਡ ਹੈ ਅਤੇ ਵਧੀਆ ਨੌਕਰੀ ਕਰ ਰਿਹਾ ਹੈ। ਪਹਿਲ ਮਾਲਵੇ ਜਿਲ੍ਹੇ ਨੂੰ ਦਿੱਤੀ ਜਾਵੇਗੀ। ਕਾਲ ਕਰੋ: 905-672-6641 F

ਜੱਟ ਸਿੱਖ ਸੰਘਾ, ਇਕਲੌਤਾ ਲੜਕਾ, ਵੈਸ਼ਨੂੰ , ਉਮਰ 24 ਸਾਲ, ਕੱਦ 5'-7", ਰੰਗ ਗੋਰਾ, B.sc Computer Science, 30 Acre ਜ਼ਮੀਨ, **District** ਮੋਗਾ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ।
ਸੰਪਰਕ ਕਰੋ :- 647-631-9445 ਕੈਪਟਨ ਇਕਬਾਲ ਸਿੰਘ ਵਿਰਕ

Jat Sikh Boy, 23, 6'3", vegetarian, student in Canada. Canadian PR or Citizen preferred.
For more details kindly contact 216-556-2080.

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਉਮਰ 26 ਸਾਲ, ਕੱਦ 5'-10", Computer ਡਿਪਲੋਮਾ, ਵੀਜ਼ਿਟਰ ਵੀਜ਼ੇ ਤੇ ਆਏ ਲੜਕੇ ਲਈ P.R ਜਾਂ citizen ਲੜਕੀ ਦੀ ਲੋੜ ਹੈ। ਲੜਕੇ ਦੀਆਂ ਭੈਣਾ ਕੈਨੇਡਾ ਵਿੱਚ ਸੈਟਲਡ ਹਨ। ਮਾਂ ਪਿਉ Super Visa ਤੇ ਹਨ । ਕਿਰਪਾ ਕਰਕੇ ਸੰਪਰਕ ਕਰੋ- 647-721-4039

ਸਿੱਖ ਲੜਕਾ (TULI, KHATRI), ਉਮਰ 24 ਸਾਲ, ਕੱਦ 5'5, ਅੰਮ੍ਰਿਤਧਾਰੀ, ਪਟਿਆਲਾ, IELTS 6 Band, Diploma ITI Plumbing one year course, CTI Plumbing, Well Known business man's Son ਲਈ ਕੈਨੇਡੀਅਨ PR/Citizen ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-762-5375 I 905-455-8152

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋ ਦੂਰ, ਬੀ.ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਉਮਰ 28 ਸਾਲ, ਕੱਦ 5'9", ਚੰਗੀ ਜੋਬ ਲਈ ਕੈਨੇਡੀਅਨ ਇੰਮੀਗਰੇਂਟ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-524-6505

ਧਾਲੀਵਾਲ ਜੱਟ ਸਿੱਖ ਲੜਕਾ, ਵਿਜ਼ਟਰ ਵੀਜ਼ਾ, 27 ਸਾਲ, ਲਈ ਲੜਕੀ ਦੀ ਲੋੜ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ- 647-237-5343, 647-688-4149

ਦਿੱਲੀ ਵਿਚ ਨਜਮੇ ਤੇ ਦਿੱਲੀ ਯੂਨੀਵਰਸਿਟੀ ਤੋਂ ਗਰੈਜੂਏਟ 47 ਸਾਲਾ ਦੇ ਜਵਾਨ ਲੜਕੇ ਲਈ ਇਕ ਸਿਹਤਮੰਦ ਜੀਵਨ ਸਾਥਣ ਉਮਰ ਲਗ ਭਗ 40 ਸਾਲ ਦੀ ਲੋੜ ਹੈ। ਲੜਕੇ ਦੇ ਦਿੱਲੀ, ਨਿਊਯਾਰਕ ਤੇ ਬਰੈਂਪਟਨ ਵਿਚ ਆਪਣੇ ਰਿਹਾਇਸ਼ੀ ਘਰ ਹਨ। ਨਿਊਯਾਰਕ ਮੈਨਹਟਨ ਵਿੱਚ ਆਪਣਾ ਮੋਬਾਈਲ ਤੇ ਇਲੈਕਟਰੋਨਿਕ ਦਾ ਕਾਰੋਬਾਰ ਹੈ। ਲੜਕੀ ਕੰਮ ਕਰਦੀ, ਕੈਨੇਡਾ ਦੀ ਪੀ ਆਰ, ਨੈਤਿਕਤਾ ਭਰਪੂਰ, ਹਿੰਦੂ ਜਾਂ ਸਿੱਖ ਪਰਵਾਰ ਵਿਚੋਂ ਹੋਣੀ ਚਾਹੀਦੀ ਹੈ।
ਵਧੇਰੀ ਜਾਣਕਾਰੀ ਲਈ 516-620-0565 ਤੇ ਫੋਨ ਕਰੋ।

ਜੱਟ ਸਿੱਖ ਹੋਠੀ ਲੜਕਾ, ਉਮਰ 28 ਸਾਲ, ਲਈ ਕੈਨੇਡੀਅਨ ਸਿਟੀਜ਼ਨ / ਪੀ-ਆਰ / ਵਰਕ ਪਰਮਿਟ / ਬਿਨਾਂ ਬੱਚੇ ਤੋ ਤਲਾਕਸ਼ੁਦਾ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕਾ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਇਆ ਹੋਇਆ ਹੈ। ਵਿਆਹ ਜਲਦੀ!! ਸੰਪਰਕ: 647-463-8060

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ Born 1993 , ਕੱਦ 5'2", Post Graduate in Canada & GNM Nursing india ਲਈ ਲੜਕੇ ਦੀ ਲੋੜ ਹੈ। ਲੜਕੀ Canada ਵਿੱਚ ਆਪਣੇ ਪਰਿਵਾਰ ਨਾਲ ਰਹਿ ਰਹੀ ਹੈ। ਸਿਰਫ ਉਹੀ ਸੰਪਰਕ ਕਰਨ ਜੋ ਕਿ ਲੜਕੀ ਦੇ ਚਾਚੇ ਦੀ ਲੜਕੀ Born 1991 , ਕੱਦ 5'6", GNM Nursing india & Nanny Passed ਨੂੰ ਕੈਨੇਡੀਅਨ ਲੜਕੇ ਦਾ ਰਿਸ਼ਤਾ ਕਰਵਾ ਸਕਣ. Ontario/Malwa ਨੂੰ ਪਹਿਲ ਦਿੱਤੀ ਜਾਵੇਗੀ.
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-965-4916 | 647-548-5959

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ **PR** ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

Looking for a Gursikh Boy Settled in Canada/US for Widowed girl (With a Son aged 6 Yrs), November 1981 born, Height 5'2"having a PR and permanent Job in Canada. Elder sister settled in USA. Contact +1 510-634-8364 (US), +91 9871991724 (WhatsApp/Call)

Tonk Kshatriya parents seeking a suitable match for their Canadian born girl, 34 yrs old, 5'3" tall, educated in accounting. The boy should be hindu punjabi, attractive, athletic, vegetarian, educated. Plz send biodata with recent pictures.
E -mail: matri.response2018@gmail. com

Looking for Canadian Smart match for Ramdasia girl in India, BDS 5-4 November 1990 born.working as lecturer in pvt dental college.father class 1 officer,mother govt job, grand father retired captain from army. Contact +91 9646609228, +91 7973001402.

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 I 416-509-7252

ਜੱਟ ਸਿੱਖ ਲੜਕੀ ਉਮਰ 28 ਸਾਲ, ਕੱਦ 5'4", B.SC Nursing, Diploma, ਕੈਨੇਡਾ Express Entry ਰਾਹੀ PR ਅਪਲਾਈ ਲਈ pr ਜਾਂ Work permit ਤੇ ਪੜੇ-ਲਿਖੇ ਲੜਕੇ ਦੀ ਲੋੜ ਹੈ। ਲੁਧਿਆਣਾ ਜਿਲ੍ਹੇ ਨੂੰ ਪਹਿਲ ।
ਸੰਪਰਕ ਕਰੋ: 647-616-4244, 647-328-1601 ਜਾਂ
Whatsapp- 700-90-60-269

ਗੋਲਡਸਮਿਥ ਕੈਨੇਡੀਅਨ P.R ਲੜਕੀ, ਉਮਰ 26 ਸਾਲ, ਕੱਦ 5'-11"ਸਿਰਫ ਉਹੀ ਸੰਪਰਕ ਕਰਨ ਜੋ ਲਕੜੀ ਦੇ ਸਖੇ ਭਰਾ ਨੂੰ ਕੈਨੇਡੀਅਨ P.R ਦਾ ਰਿਸ਼ਤਾ ਕਰਵਾ ਸਕਨ। ਸੰਪਰਕ ਕਰੋ: 519-878-8248


YOUR AD HERE

Check our Free E-paper at: www.canadianpunjabipost.ca

ਕੈਨੇਡੀਅਨ ਪੰਜਾਬੀ ਪੋਸਟ

ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202



Domestic Help Required

Looking for domestic help which includes meal preparation, house cleaning and other supportive duties for two senior citizens.


- Work is 3 days per week.
- Punjabi/Hindi and English Preffered
- Wage will be $15.00 / hour.
- Must have a car to drive to work.

This care is for my inlaws in Carlisle Ontario (west of Milton).

Please call Tripat Bratch, 905-689-0164."



ਗਾਇਕ ਤੇ ਗਿਟਾਰਿਸਟ



Available for all Kinds of Events

Supreet Singh
Singer
647-300-0666
supreetsingh4171@gmail.com



INNOVATION TRANSPORTATION
NEEDED A/Z CITY DRIVER



ਸਿਟੀ ਦੇ ਕੰਮ ਲਈ A/Z ਡਰਾਈਵਰਾਂ ਦੀ ਲੋੜ ਹੈ

◦7 Days Work ◦All Shifts Available

* A/Z Driver Needed
* City Drivers Also Needed
* Good Pay/Mileage
* Day & Afternoon Shift & Weekend
* Weekly Pay

NOW HIRING $22 / Hour

Call : 416- 268-9952
70 Delta Park Blvd, Unit # 4, Brampton



ਕੈਨੇਡੀਅਨ ਪੰਜਾਬੀ ਪੋਸਟ

ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202



YOUR AD HERE

Check our Free E-paper at: www.canadianpunjabipost.ca

ਕੈਨੇਡੀਅਨ ਪੰਜਾਬੀ ਪੋਸਟ

ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202



STARLANE PAINTING

Residential • Commercial • Industrial

• Hotel • Motel • Exterior
• Interior • Spray Painting
• Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

7 Days A Week

Call For FREE Estimate

ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



416.230.4000 • 647.409.1092
www.STARLANEPAINTING.com

ਹਰਜੀਤ ਢਨੋਆ



# ਖੇਡ ਤੇ ਖਿਡਾਰੀ



## ਭਾਰਤ ਅਤੇ ਵੈਸਟ ਇੰਡੀਜ਼ ਵਿਚਕਾਰ ਖੇਡਿਆ ਗਿਆ ਦੂਜਾ ਇੱਕ ਰੋਜ਼ਾ ਮੈਚ ਰਿਹਾ ਟਾਈ



ਵਿਸਾਖਾਪਟਨਮ, 24 ਅਕਤੂਬਰ (ਪੋਸਟ ਬਿਊਰੋ): ਭਾਰਤੀ ਕਪਤਾਨ ਵਿਰਾਟ ਕੋਹਲੀ ਨੇ ਵੈਸਟ ਇੰਡੀਜ਼ ਖ਼ਿਲਾਫ਼ ਪੰਜ ਇੱਕ ਰੋਜ਼ਾ ਕ੍ਰਿਕਟ ਮੈਚਾਂ ਦੀ ਲੜੀ ਦੇ ਦੂਜੇ ਮੈਚ ਵਿੱਚ ਅੱਜ ਆਪਣਾ 37ਵਾਂ ਸੈਂਕੜਾ ਪੂਰਾ ਕਰਦਿਆਂ ਸਾਬਕਾ ਕ੍ਰਿਕਟਰ ਸਚਿਨ ਤੇਂਦੁਲਕਰ ਦੇ ਤਿੰਨ ਰਿਕਾਰਡ ਤੋੜ ਦਿੱਤੇ। ਵਿਰਾਟ ਕੋਹਲੀ ਸਭ ਤੋਂ ਤੇਜ਼ੀ ਨਾਲ 10,000 ਇੱਕ ਰੋਜ਼ਾ ਦੌੜਾਂ ਪੂਰੀਆਂ ਕਰਨ ਵਾਲਾ ਬੱਲੇਬਾਜ਼ ਬਣ ਗਿਆ ਹੈ, ਜਿਸ ਦੀ ਪਾਰੀ ਦੀ ਮਦਦ ਨਾਲ ਭਾਰਤ ਨੇ ਵਿੰਡੀਜ਼ ਸਾਹਮਣੇ ਛੇ ਵਿਕਟਾਂ ’ਤੇ 321 ਦੌੜਾਂ ਦੀ ਟੀਚਾ ਰੱਖਿਆ। ਬੱਲੇਬਾਜ਼ ਸਾਈ ਹੋਪ ਦੇ ਸੈਂਕੜੇ ਦੀ ਬਦੌਲਤ ਮਹਿਮਾਨ ਟੀਮ ਨੇ ਸੱਤ ਵਿਕਟਾਂ ਗੁਆ ਕੇ ਇਹ ਮੈਚ ਡਰਾਅ ਕਰਵਾ ਲਿਆ ਹੈ।

ਇਸ ਤੋਂ ਪਹਿਲਾਂ ਭਾਰਤ ਲਈ ਕੋਹਲੀ ਨੇ 129 ਗੇਂਦਾਂ ਵਿੱਚ ਨਾਬਾਦ 157 ਦੌੜਾਂ ਦੀ ਪਾਰੀ ਖੇਡੀ, ਜਿਸ ਵਿੱਚ ਉਸ ਨੇ 13 ਚੌਕੇ ਅਤੇ ਚਾਰ ਛੱਕੇ ਜੜੇ। ਕੋਹਲੀ ਅਤੇ ਰਾਇਡੂ ਨੇ ਤੀਜੀ ਵਿਕਟ ਲਈ 142 ਗੇਂਦਾਂ ਵਿੱਚ 139 ਦੌੜਾਂ ਜੋੜੀਆਂ। ਦਸ ਹਜ਼ਾਰਾਂ ਦੌੜਾਂ ਪੂਰੀਆਂ ਹੋਣ ’ਤੇ ਕੋਹਲੀ ਨੇ ਬੱਲਾ ਲਹਿਰਾ ਕੇ ਦਰਸ਼ਕਾਂ ਦੀਆਂ ਵਧਾਈਆਂ ਕਬੂਲੀਆਂ। ਇਹ ਮੁਕਾਮ ਹਾਸਲ ਕਰਨ ਲਈ ਉਸ ਨੂੰ 81 ਦੌੜਾਂ ਦੀ ਲੋੜ ਸੀ। ਕੋਹਲੀ 212ਵੇਂ ਇੱਕ ਰੋਜ਼ਾ ਮੈਚ ਦੀ 205ਵੀਂ ਪਾਰੀ ਵਿੱਚ ਦਸ ਹਜ਼ਾਰ ਦੌੜਾਂ ਪੂਰੀਆਂ ਕਰਕੇ ਸਭ ਤੋਂ ਘੱਟ ਪਾਰੀਆਂ ਵਿੱਚ ਇਹ ਮੁਕਾਮ ਹਾਸਲ ਕਰਨ ਵਾਲਾ ਬੱਲੇਬਾਜ਼ ਬਣਿਆ। ਇਸ ਤੋਂ ਪਹਿਲਾਂ ਇਹ ਰਿਕਾਰਡ ਸਚਿਨ ਤੇਂਦੁਲਕਰ ਦੇ ਨਾਮ ਸੀ, ਜਿਸ ਨੇ 259 ਪਾਰੀਆਂ ਵਿੱਚ ਇਹ ਉਪਲਬਧੀ ਹਾਸਲ ਕੀਤੀ ਸੀ। ਇਸ ਸੂਚੀ ਵਿੱਚ ਉਸ ਤੋਂ ਬਾਅਦ ਸੌਰਵ ਗਾਂਗੁਲੀ (263 ਪਾਰੀਆਂ), ਰਿਕੀ ਪੌਂਟਿੰਗ (266), ਜੈਕ ਕੈਲਿਸ (272), ਮਹਿੰਦਰ ਸਿੰਘ ਧੋਨੀ (273), ਬਰਾਇਨ ਲਾਰਾ (278) ਦਾ ਨੰਬਰ ਆਉਂਦਾ ਹੈ।

ਵੈਸਟ ਇੰਡੀਜ਼ ਖ਼ਿਲਾਫ਼ ਲੜੀ ਸ਼ੁਰੂ ਹੋਣ ਤੋਂ ਪਹਿਲਾਂ ਕੋਹਲੀ ਨੂੰ ਇੱਕ ਰੋਜ਼ਾ ਵਿੱਚ ਦਸ ਹਜ਼ਾਰ ਦੌੜਾਂ ਪੂਰੀਆਂ ਕਰਨ ਲਈ ਸਿਰਫ਼ 221 ਦੌੜਾਂ ਦੀ ਲੋੜ ਸੀ। ਉਸ ਨੇ ਗੁਹਾਟੀ ਵਿੱਚ ਖੇਡੇ ਗਏ ਪਹਿਲੇ ਮੈਚ ਵਿੱਚ 140 ਦੌੜਾਂ ਬਣਾਈਆਂ ਸਨ। ਇੱਕ ਰੋਜ਼ਾ ਵਿੱਚ ਸਭ ਤੋਂ ਤੇਜ਼ 8000 ਦੌੜਾਂ (175 ਪਾਰੀਆਂ) ਅਤੇ 9000 ਦੌੜਾਂ (194 ਪਾਰੀਆਂ) ਦਾ ਰਿਕਾਰਡ ਵੀ ਕੋਹਲੀ ਦੇ ਨਾਮ ਦਰਜ ਹੈ। ਕੋਹਲੀ ਇੱਕ ਰੋਜ਼ਾ ਵਿੱਚ ਦਸ ਹਜ਼ਾਰ ਦੌੜਾਂ ਪੂਰੀਆਂ ਕਰਨ ਵਾਲਾ ਦੁਨੀਆਂ ਦਾ 13ਵਾਂ ਅਤੇ ਭਾਰਤ ਦਾ ਪੰਜਵਾਂ ਬੱਲੇਬਾਜ਼ ਬਣਿਆ। ਕੋਹਲੀ ਨੇ ਇਸ ਤੋਂ ਇਲਾਵਾ ਸਭ ਤੋਂ ਘੱਟ ਪਾਰੀਆਂ ਵਿੱਚ ਆਪਣੀ ਧਰਤੀ ’ਤੇ 4000 ਦੌੜਾਂ ਅਤੇ ਵੈਸਟ ਇੰਡੀਜ਼ ਖ਼ਿਲਾਫ਼ ਸਭ ਤੋਂ ਵੱਧ ਦੌੜਾਂ ਦੇ ਦੋ ਹੋਰ ਰਿਕਾਰਡ ਵੀ ਆਪਣੇ ਨਾਮ ਲਿਖਵਾਏ, ਜੋ ਹੁਣ ਤੱਕ ਤੇਂਦੁਲਕਰ ਦੇ ਨਾਮ ’ਤੇ ਦਰਜ ਸਨ। ਕੋਹਲੀ ਨੂੰ 4000 ਇੱਕ ਰੋਜ਼ਾ ਪੂਰੀਆਂ ਕਰਨ ਲਈ ਸਿਰਫ਼ 30 ਦੌੜਾਂ ਦੀ ਲੋੜ ਸੀ। ਉਹ ਤੇਂਦੁਲਕਰ (6976) ਅਤੇ ਧੋਨੀ (4216) ਮਗਰੋਂ ਇਹ ਉਪਲਬਧੀ ਹਾਸਲ ਕਰਨ ਵਾਲਾ ਤੀਜਾ ਭਾਰਤੀ ਬੱਲੇਬਾਜ਼ ਬਣ ਗਿਆ ਹੈ। ਦੁਨੀਆਂ ਵਿੱਚ ਹੁਣ ਤਕ ਸਿਰਫ਼ ਦਸ ਬੱਲੇਬਾਜ਼ਾਂ ਨੇ ਆਪਣੇ ਦੇਸ਼ ਵਿੱਚ ਚਾਰ ਹਜ਼ਾਰ ਤੋਂ ਵੱਧ ਦੌੜਾਂ ਬਣਾਈਆਂ ਹਨ। ਕੋਹਲੀ ਨੇ ਸਵਦੇਸ਼ ਵਿੱਚ ਸਭ ਤੋਂ ਘੱਟ ਪਾਰੀਆਂ ਵਿੱਚ 4000 ਇੱਕ ਰੋਜ਼ਾ ਦੌੜਾਂ ਪੂਰੀਆਂ ਕਰਨ ਦਾ ਰਿਕਾਰਡ ਬਣਾਇਆ। ਉਸ ਨੇ ਇਸ ਦੇ ਲਈ ਸਿਰਫ਼ 78 ਪਾਰੀਆਂ ਖੇਡੀਆਂ। ਇਸ ਮਾਮਲੇ ਵਿੱਚ ਉਸ ਨੇ ਤੇਂਦੁਲਕਰ ਦਾ ਰਿਕਾਰਡ ਤੋੜਿਆ, ਜਿਸ ਨੇ 92 ਪਾਰੀਆਂ ਵਿੱਚ ਇਹ ਉਪਲਬਧੀ ਹਾਸਲ ਕੀਤੀ ਸੀ। ਧੋਨੀ ਨੇ 99, ਆਸਟਰੇਲੀਆ ਦੇ ਡੀਨ ਜੌਹਨਸ ਨੇ 103, ਦੱਖਣੀ ਅਫਰੀਕਾ ਦੇ ਕੈਲਿਸ ਨੇ 109 ਅਤੇ ਆਸਟਰੇਲੀਆ ਦੇ ਪੌਂਟਿੰਗ ਨੇ 110 ਪਾਰੀਆਂ ਵਿੱਚ ਸਵਦੇਸ਼ ਵਿੱਚ 4000 ਦੌੜਾਂ ਪੂਰੀਆਂ ਕੀਤੀਆਂ ਸਨ।

ਵੈਸਟ ਇੰਡੀਜ਼ ਖ਼ਿਲਾਫ਼ ਕੋਹਲੀ ਨੇ ਮਰਲੋਨ ਸੈਮੂਅਲਜ਼ ਨੂੰ ਚੌਕਾ ਮਾਰ ਕੇ ਆਪਣਾ 37ਵਾਂ ਸੈਂਕੜਾ ਜੜਿਆ, ਜਿਸ ਦਾ ਦਰਸ਼ਕਾਂ ਨੇ ਤਾੜੀਆਂ ਨਾਲ ਸਵਾਗਤ ਕੀਤਾ।

## ਫੈਡਰਰ ਸਵਿਸ ਮਾਸਟਰ ਵਿਚ ਖੇਡਣ ਲਈ ਤਿਆਰ



ਬਾਸੇਲ, 24 ਅਕਤੂਬਰ (ਪੋਸਟ ਬਿਊਰੋ): 20 ਵਾਰ ਦਾ ਗ੍ਰੈਂਡ ਸਲੈਮ ਚੈਂਪੀਅਨ ਸਵਿਟਜ਼ਰਲੈਂਡ ਦਾ ਰੋਜਰ ਫੈਡਰਰ ਗਰਮ ਰੁੱਤ ਦੇ ਸੈਸ਼ਨ ਤੋਂ ਹੀ ਹੱਥ ਦੀ ਸੱਟ ਨਾਲ ਜੂਝ ਰਿਹਾ ਹੈ, ਇਸਦਾ ਖੁਲਾਸਾ ਟੈਨਿਸ ਸਟਾਰ ਨੇ ਖੁਦ ਕੀਤਾ ਹੈ ਪਰ ਭਰੋਸਾ ਪ੍ਰਗਟਾਇਆ ਹੈ ਕਿ ਉਹ ਸਵਿਸ ਮਾਸਟਰ ਵਿਚ ਖੇਡਣ ਲਈ ਪੂਰੀ ਤਰ੍ਹਾਂ ਤਿਆਰ ਹੈ, ਜਿੱਥੇ ਉਹ 9ਵੇਂ ਖ਼ਿਤਾਬ ਦੀ ਭਾਲ ਵਿਚ ਹੈ। ਫੈਡਰਰ ਨੇ ਦੱਸਿਆ ਕਿ ਉਸ ਨੂੰ ਗ੍ਰਾਸ ਕੋਰਟ ਸੈਸ਼ਨ ਵਿਚ ਹੀ ਹੱਥ ਵਿਚ ਸੱਟ ਲੱਗੀ ਹੈ। ਉਸ ਨੇ ਕਿਹਾ, "'ਮੈਨੂੰ ਗ੍ਰਾਸ ਕੋਰਟ ਸੈਸਨ ਵਿਚ ਟ੍ਰੇਨਿੰਗ ਦੌਰਾਨ ਸੱਟ ਲੱਗ ਗਈ ਸੀ ਤੇ ਮੈਨੂੰ ਇਸ ਨਾਲ ਕਾਫੀ ਮੁਸ਼ਕਿਲ ਹੋਈ ਤੇ ਕਰੀਬ ਤਿੰਨ ਮਹੀਨੇ ਤਕ ਮੇਰਾ ਦਰਦ ਬਰਕਰਾਰ ਰਿਹਾ।" ਸਵਿਸ ਓਪਨ ਵਿਚ ਖੇਡਣ ਉਤਰ ਰਹੇ ਫੈਡਰਰ ਨੇ ਕਿਹਾ, "ਮੈਨੂੰ ਅਭਿਆਸ ਕਰਦਿਆਂ ਸ਼ੁਰੂਆਤ ਵਿਚ ਕਾਫੀ ਦਰਦ ਹੁੰਦਾ ਹੈ ਪਰ ਮੈਂ ਬਿਨਾਂ ਸੋਚੇ ਆਪਣੇ ਫੋਰਹੈਂਡ ਲਾ ਸਕਦਾ ਹਾਂ।"

## ਭਾਰਤ ਨੇ ਕੋਰੀਆ ਨੂੰ 4-1 ਨਾਲ ਹਰਾਇਆ

ਮਸਕਟ, 24 ਅਕਤੂਬਰ (ਪੋਸਟ ਬਿਊਰੋ): ਪਿਛਲੀ ਚੈਂਪੀਅਨ ਭਾਰਤ ਨੇ ਮਲੇਸ਼ੀਆ ਤੋਂ ਗੋਲ ਰਹਿਤ ਡਰਾਅ ਖੇਡਣ ਤੇ ਕੋਚ ਹਰਿੰਦਰ ਸਿੰਘ ਦੀ ਨਾਰਾਜ਼ਗੀ ਤੋਂ ਬਾਅਦ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਦੱਖਣੀ ਕੋਰੀਆ ਨੂੰ ਹੀਰੋ ਏਸ਼ੀਅਨ ਚੈਂਪੀਅਨ ਟਰਾਫੀ ਟੂਰਨਾਮੈਂਟ 'ਚ ਬੁੱਧਵਾਰ ਨੂੰ 4-1 ਨਾਲ ਹਰਾ ਦਿੱਤਾ। ਭਾਰਤ ਨੇ ਇਸ ਤਰ੍ਹਾ ਆਪਣੇ ਲੀਗ ਮੁਕਾਬਲੇ 'ਚ 5 ਮੈਚਾਂ 'ਚੋਂ 4 ਜਿੱਤ, ਇਕ ਡਰਾਅ ਦੇ ਨਾਲ 13 ਅੰਕਾਂ ਹਾਸਲ ਕੀਤੇ। ਕੋਰੀਆਈ ਟੀਮ ਇਸ ਹਾਰ ਦੇ ਨਾਲ ਸੈਮੀਫਾਈਨਲ ਦੀ ਦੌੜ 'ਚੋਂ ਬਾਹਰ ਹੋ ਗਿਆ। ਇਸ ਤੋਂ ਪਹਿਲਾਂ ਪਾਕਿਸਤਾਨ ਤੇ ਜਾਪਾਨ ਨੇ 1-1 ਨਾਲ ਡਰਾਅ ਖੇਡਿਆ। ਭਾਰਤ, ਮਲੇਸ਼ੀਆ, ਪਾਕਿਸਤਾਨ ਤੇ ਜਾਪਾਨ ਦੀ ਟੀਮਾਂ ਸੈਮੀਫਾਈਨਲ 'ਚ ਪਹੁੰਚ ਗਈਆਂ ਹਨ।

## ਨਾਈਕੀ ਨੇ ਤੋੜੀ ਮਾਰੀਆ ਸ਼ਾਰਾਪੋਵਾ ਨਾਲੋਂ ਡੀਲ, ਮਿਲਦੇ ਸਨ ਸਾਲ ਦੇ 10 ਮਿਲੀਅਨ ਡਾਲਰ



ਨਵੀਂ ਦਿੱਲੀ, 24 ਅਕਤੂਬਰ (ਪੋਸਟ ਬਿਊਰੋ): ਰੂਸ ਦੀ ਟੈਨਿਸ ਸਟਾਰ ਮਾਰੀਆ ਸ਼ਾਰਾਪੋਵਾ ਨੂੰ ਸਪੋਰਟਸਵੀਅਰ ਦੀ ਸਭ ਤੋਂ ਵੱਡੀ ਕੰਪਨੀ ਨਾਈਕੀ ਜਲਦ ਹੀ ਝਟਕਾ ਦੇਣ ਜਾ ਰਹੀ ਹੈ। ਦਰਅਸਲ, ਕੰਪਨੀ ਸ਼ਾਰਾਪੋਵਾ ਨਾਲੋਂ ਆਪਣੀ 20 ਸਾਲ ਦੀ ਡੀਲ ਤੋੜਨ ਜਾ ਰਹੀ ਹੈ। ਡੀਲ ਦੇ ਤਹਿਤ ਉਸ ਨੂੰ ਹਰ ਸਾਲ 10 ਮਿਲੀਅਨ ਡਾਲਰ ਮਿਲ ਰਹੇ ਸਨ ਪਰ ਸ਼ਾਰਾਪੋਵਾ ਦੇ ਮੌਜੂਦਾ ਪ੍ਰਦਰਸ਼ਨ ਤਹਿਤ ਉਕਤ ਕਰਾਰ ਟੁੱਟਣ ਤਕ ਦੀ ਨੌਬਤ ਆ ਗਈ ਹੈ। ਸ਼ਾਰਾਪੋਵਾ ਨੂੰ ਨਾਈਕੀ ਨੇ ਉਦੋਂ ਸਾਈਨ ਕੀਤਾ ਸੀ, ਜਦੋਂ ਉਹ ਸਿਰਫ 11 ਸਾਲ ਦੀ ਸੀ। ਇਸ ਡੀਲ ਕਾਰਨ ਉਹ ਦੁਨੀਆ ਦੀ ਸਭ ਤੋਂ ਕਮਾਊ ਮਹਿਲਾ ਟੈਨਿਸ ਸਟਾਰ ਵੀ ਬਣ ਗਈ ਸੀ। ਹਾਲਾਂਕਿ 2016 'ਚ ਸ਼ਾਰਾਪੋਵਾ ਦੇ ਡੋਪ ਟੈਸਟ 'ਚ ਪਾਜ਼ੇਟਿਵ ਆਉਣ 'ਤੇ ਨਾਈਕੀ ਨੇ ਇਹ ਡੀਲ ਰੋਕ ਦਿੱਤੀ ਸੀ ਪਰ ਜਦੋਂ ਉਸ ਦੀ ਪਾਬੰਦੀ ਤੋਂ ਬਾਅਦ ਵਾਪਸੀ ਹੋਈ, ਉਦੋਂ ਤੋਂ ਉਕਤ ਕੰਪਨੀ ਉਸ ਦੇ ਨਾਲ ਡੀਲ ਅੱਗੇ ਵਧਾਉਣ ਲਈ ਲਾਰੇ ਲਾ ਰਹੀ ਸੀ। ਹੁਣ ਫਾਈਨਲ ਹੋ ਗਿਆ ਹੈ ਕਿ ਨਾਈਕੀ ਸ਼ਾਰਾਪੋਵਾ ਨਾਲ ਆਪਣੀ ਡੀਲ ਅੱਗੇ ਨਹੀਂ ਵਧਾਏਗੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

IN HOME CAREGIVER
Required In-Home Caregiver For Elderly and Disabled Person. Must Be fluent in English and Punjabi. Great salary and flexible hours. Free of cost live in room and meals included.
Please send resume at:
mandeep.karwal@gmail.com
or Drop a Call: 647-649-8100

ਮੰਨ ਪਸੰਦ ਦੀ ਬੇਸਮੈਂਟ ਬਣਵਾਉ
Tiling | Drywalling | Electric Works
• Complete Furnished Basement • 1st come, 1st served
• ਬਹੁਤ ਘਟ ਰੇਟ, ਸਮੇ ਸਿਰ ਕੰਮ
ਅੱਜ ਹੀ ਕਾਲ ਕਰੋ: 647-562-5577

AZ ਡਰਾਇਵਰਾਂ ਦੀ ਲੋੜ ਹੈ
"New Drivers are welcome"
• ਵਧੀਆ ਤਨਖਾਹ
• ਆਟੋਪਾਰਟਸ ਲਈ
• ਆਟੋਮੈਟਿਕ ਟੱਰਕ
ਸਿੰਗਲ ਡਰਾਇਵਰ ਦੀ U.S.A ਲਈ ਲੋੜ ਹੈ ਤੇ ਟੀਮ ਡਰਾਇਵਰਾਂ ਦੀ Texas ਲਈ ਡੈਡੀਕੇਟਡ ਰਨ ਲਈ ਲੋੜ ਹੈ
416.904.0715 | 647.456.8520

City Translogistics Co.
ਨੂੰ ਡਰਾਈਵਰਾਂ ਦੀ ਲੋੜ ਹੈ
– City ਲਈ $20/hour
– USA ਵਿੱਚ Pennsylvania, Maryland ਲਈ ਵਧੀਆ ਤਨਖਾਹ, ਵਧੀਆ ਮਾਹੌਲ।
ਜਿਆਦਾ ਜਾਣਕਾਰੀ ਲਈ: 647-632-1742

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

YOUR AD HERE
Check our Free E-paper at:
www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

JOBS! JOBS! JOBS! JOBS!
ਜੇ ਤੁਸੀਂ ਨੌਕਰੀ ਦੀ ਭਾਲ ਕਰ ਰਹੇ ਹੋ ਸਾਡੇ ਨਾਲ ਸੰਪਰਕ ਕਰੋ
D&S Deol and Song Inc.
Available Positions for full time and part time
General Labour, Order Picking, Assembly Work, Drivers
Forklift & Raymond, Packaging, Reach Operators, Wood Workers
Quality Control, Machine Operators, Office Work, Helpers
Contact Us
P: 905-847-8821 Ext 152
E: customerservice@d-n-s.ca
W: www.d-n-s.ca
Good Hourly Salary
7290 Major Mackenzie Drive Kleinberg, Ont. L0J 1C0

V4U LOGISTIC INC.
Delivering "Satisfaction"... On Time ...Every Time
NOW HIRING
A/Z Drivers Needed
For Canada To US Runs
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
☆ Disability Insurance
☆ Travel Insurance
☆ Medical Benefits
☆ Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

A/Z ਡਰਾਈਵਰ ਅਤੇ ਉਨਰ ਅਪਰੇਟਰਾਂ ਦੀ ਲੋੜ
CAN TRUCK ਨੂੰ ਟੋਰਾਂਟੋ ਤੋਂ ਮੋਨਟ੍ਰੀਅਲ, ਵਿਨੀਪੈਗ, ਕੈਲਗਰੀ, ਵੈਨਕੁਵਰ ਅਤੇ ਟੋਰਾਂਟੋ ਤੋਂ USA, Michigan ਲਈ A/Z ਡਰਾਈਵਰਾਂ ਅਤੇ ਉਨਰ ਅਪਰੇਟਰਾਂ ਦੀ ਲੋੜ ਹੈ।
ਸਿਟੀ ਡਰਾਈਵਰ ਦੀ ਵੀ ਤੁਰੰਤ ਲੋੜ ਹੈ
- Everyday dedicated run
Single driver : 600-2000 miles
Team driver : 5500miles/weel for USA
- Yard to Yard work
- Per miles : $1.45
- Driver Rate : 48 cents
Call Jagtar Raman : (647) 292-5757
(905) 595-0408

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ। ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

Heart&Stroke™

# ਸਟਰੋਕ ਦੇ ਲੱਛਣ

**F ace** ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A rms** ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S peech** ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T ime** ਸਮੇਂ: ਸਮੇਂ ਦੀ ਅਹਿਮੀਅਤ ਸਮਝੋ – ਝਟਪਟ 911 'ਤੇ ਫ਼ੋਨ ਕਰੋ

Learn the signs, act F A S T and call 9-1-1.

**heartandstroke.ca/FAST**

Funding provided by:

Ontario

© Heart and Stroke Foundation of Canada, 2018 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.
Views expressed by the Heart and Stroke Foundation do not necessarily reflect those of the Government of Ontario.

1% Top Ranked In Broker

Call For a Quick & Free Home Evaluation
www.BramptonQuickHomeEvaluation.com

Urgently Need New Listing in Brampton/GTA Call Jag Today To Sell Your Property For Top $$$ & Accurate Price

(**2016,2015,2014,2013 **(2009,2008) **(2010) **(2014)
2012,2011,2010) **RE/MAX International
** Based on Commission earned

RE/MAX Realty Specialist Inc., Brokerage (Independently Owned and Operated) Off: 905-456-3232

Other Realtors only Promise
But JAG AUJLA SOLD YOUR HOME WITH
GUARANTEED*
OR HE'LL BUY IT!*

www.BramptonTopRelator.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
*Some Conditions Apply

Visit us at: www.jagaujla.com

BRAMPTON $729,905
ਬਵੇਰਡ/ਜੇਮਜ਼ ਪੋਟਰ
ਬਹੁਤ ਸੋਹਣਾ ਅਤੇ ਸਾਫ ਸੁਥਰਾ 4 ਬੈਡਰੂਮ ਐਂਡ 3 ਵਾਸ਼ਰੂਮ ਦਾ ਸੈਮੀ ਡਿਟੈਚ, ਡਬਲ ਸਟੋਰੀ ਘਰ, unspoiled ਬੇਸਮੈਂਟ ਨੂੰ ਸੇਪਰੇਟ ਏਨਟਰੈਂਸ, ਕਿਚਨ ਨੂੰ ਸਟੇਨਲੈਸ ਸਟੀਲ ਅਪਲਾਇੰਸਸ, ਮਾਸਟਰ ਬੈਡਰੂਮ ਨੂੰ 5 ਪੀਸ ਇਨ ਸੂਟ, ਸਕੂਲ, ਪਲਾਜ਼ਾ, ਆਦਿ ਸਹੂਲਤਾਂ ਦੇ ਨੇੜੇ।

BRAMPTON $934,905
ਏਅਰਪੋਰਟ/ਬ੍ਰਏਡਨ
ਬਹੁਤ ਸੋਹਣਾ ਅਤੇ ਸਾਫ ਸੁਥਰਾ 4+1 ਬੈਡਰੂਮ ਐਂਡ 5 ਵਾਸ਼ਰੂਮ ਡਿਟੈਚ ਡਬਲ ਸਟੋਰੀ ਘਰ, ਫਿਨਿਸ਼ਡ ਬੇਸਮੈਂਟ ਨੂੰ ਸੇਪਰੇਟ ਏਨਟਰੈਂਸ, 9 ਫੁੱਟ ਸਿਲਿੰਗ, ਅਪਗ੍ਰੇਡਿਡ ਕਿਚਨ, ਡਬਲ ਡੋਰ ਗਰਾਜ਼, ਮਾਸਟਰ ਬੈਡਰੂਮ 6 ਪੀਸ ਈਨਸੂਟ, ਸਟਨਲੈਸ ਸਟੀਲ ਅਪਲਾਇੰਸਿਸ, ਆਦਿ ਸਹੂਲਤਾਂ ਦੇ ਨੇੜੇ।

BRAMPTON $1,069,905
ਜੇਮਜ਼ ਪੋਟਰ/ਬੋਣੀ ਬਰੇਸ
ਬਹੁਤ ਸੋਹਣਾ 4+1 ਬੈਡਰੂਮ ਐਂਡ 5 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, 3359 ਸਕੇਅਰ ਫੁੱਟ ਵਿੱਚ, ਫਿਨਿਸ਼ਡ ਬੇਸਮੈਂਟ, ਹਾਰਡਵੁਡ ਫਲੋਰ, ਮਾਸਟਰ ਬੈਡਰੂਮ 5 ਪੀਸ ਈਨਸੂਟ,ਓਕ ਸਟੇਅਰਕੇਸ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬੱਸ ਸਟਾਪ, ਆਦਿ ਸਹੂਲਤਾਂ ਦੇ ਨੇੜੇ।

MISSISSAUGA $879,905
ਡੈਰੀ ਰੋਡ/ਹਾਇਵੇ 407
ਬਹੁਤ ਸੋਹਣਾ ਅਤੇ ਸਾਫ ਸੁਥਰਾ 4 ਬੈਡਰੂਮ ਐਂਡ 4 ਵਾਸ਼ਰੂਮ ਡਿਟੈਚ ਘਰ, ਫੀਨਿਸ਼ਡ ਬੇਸਮੈਂਟ, ਓਕ ਸਟੇਅਰਕੇਸ , ਕਿਚਨ ਨੂੰ ਗ੍ਰੇਨਾਇਟ ਕਾਊਂਟਰ ਟਾਪ, ਸਟੇਨਲੈਸ ਸਟੀਲ ਅਪਲਾਇੰਸਿਸ, ਡਬਲ ਡੋਰ ਗਰਾਜ਼, ਸਕੂਲ, ਪਾਰਕ, ਪਲਾਜ਼ਾ ਆਦਿ ਸਹੂਲਤਾਂ ਦੇ ਨੇੜੇ।

BRAMPTON $1,469,905
ਗੋਰਵੇ/ਕੰਟਰੀਸਾਇਡ
ਬਹੁਤ ਹੀ ਸੋਹਣਾ 4 ਬੈਡਰੂਮ ਐਂਡ 5 ਵਾਸ਼ਰੂਮ ਵਾਸ਼ਰੂਮ ਡਿਟੈਚਡ ਘਰ, ਬੈਸਮੈਂਟ ਨੂੰ ਸੇਪਰੇਟ ਇੰਟਰੈਂਸ, ਬਹੁਤ ਸਾਰੀਆਂ ਅਪਗਰੇਡਜ਼ , 3 ਕਾਰ ਗਰਾਜ, ਕਿਚਨ ਨੂੰ ਗ੍ਰੇਨਾਇਟ ਕਾਉਂਟਰ ਟਾਪ, ਸਟੇਨਲੈਸ ਸਟੀਲ ਅਪਲਾਇੰਸਿਸ, ਸਕੂਲ, ਪਾਰਕ, ਪਲਾਜ਼ਾ ਆਦਿ ਸਹੂਲਤਾਂ ਦੇ ਨੇੜੇ।

BRAMPTON $1,729,905
ਕਵੀਨ/ਮਿਸੀਸਾਗਾ ਰੋਡ
ਬਹੁਤ ਹੀ ਸੋਹਣਾ 5+1 ਬੈਡਰੂਮ ਐਂਡ 5 ਵਾਸ਼ਰੂਮ ਆਫ਼ਿਸ +3 ਕਾਰ ਗਰਾਜ, + 7 ਕਾਰਾਂ ਦੀ ਬਾਹਰ ਪਾਰਕਿੰਗ, 10 ਫੁੱਟ ਸੀਲਿੰਗ, ਦੂਸਰਾ ਫਲੋਰ ਤੇ ਬੇਸਮੈਂਟ 9 ਫੁੱਟ ਸੀਲਿੰਗ, ਲੋਡਡ ਵਿਦ ਟਨਸ ਆਫ ਅਪਗ੍ਰੇਡਜ਼, 90 ਪੋਟ ਲਾਈਟਸ, ਸਮੂਥ ਸੀਲਿੰਗ, ਹਾਰਡਵੁਡ ਫਲੋਰ, ਆਦਿ ਸਹੂਲਤਾਂ ਦੇ ਨੇੜੇ।



IFS
INTERSTATE FREIGHT SYSTEMS INC.
A/Z ਡਰਾਈਵਰ ਤੇ ਡਿਸਪੈਚਰ ਦੀ ਲੋੜ

USA, Montreal, Montreal Local Within Ontario ਤੇ Local GTA ਵਾਸਤੇ AZ ਡਰਾਇਵਰਾਂ ਦੀ ਲੋੜ ਹੈ

- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ
- Experienced ਡਿਸਪੈਚਰਾਂ ਦੀ ਵੀ ਲੋੜ ਹੈ

Also Hiring Owner Operators for local work

Please Send Resume at: jgill@interstatefreightsystem.com
Call: 416-452-0677, 647-448-3500 (Monday to Friday | 10am to 5pm)



REXDALE BODY SHOP
USED CAR SALE

Specialization In:
- All Kinds of Body Work
- Auto Glass Windshield
- Denting, Painting & Welding

SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM

ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ

CHEEMA
LOWEST PRICE IN TOWN
Towing Service Car Paint Starts $799* upto 100% Deductible Paid*

Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com



Grand Upholstery Ltd
Sofa Company Originality in Every Piece

Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ

ਕੁਆਲਿਟੀ ਮੂਹੋਂ ਬੋਲਦੀ ਹੈ

Tel: 905.791.2888 Cell: 647.293.3212
5 Edvac Drive # 5 & 6 Brampton ON L6S 5P3 Email: grandupholstery@gmail.com



LIGHT SPEED Logistics Inc.
"Always There For You"

Web: www.lslinc.com
Email: safedrivers@lslinc.com

NOW HIRING

Owner Operators:
- US Team(ON to Midwest)(Loaded/Empty) $1.80*
- US Team(Open Board)..................... $1.73*
- US Single(ON to Midwest)............... $1.70*
- US Single(Open Board).................. $1.63*
- Canadian Team........................... $1.66*
- Canadian Singles(AB to BC).......... $1.91*
- Canadian Singles(Open Board)..... $1.56*
- Hourly Waiting Pay
- Paid Meat Inspection

*Rates are based on the current fuel surcharge.

Company Drivers(Up to):
- US Single(ON to Midwest)............... $0.62
- US Single(Open Board).................. $0.54
- US Team............................................ $0.66
- Canadian Team............................... $0.62
- Canadian Singles(AB to BC).......... $0.59
- Canadian Singles(Open Board).... $0.50
- Hourly Waiting Pay
- Paid Meat Inspection

Plus Paid: Plates, Permits, HVUT, Insurance, Practical Miles, FCA Fuel Surcharge Program, Tolls, Satellite, Transponder/E-Z Pass

Cell: 416.768.5441 Off: 905.696.0700 Ext#3
6015 Kestrel Rd, Mississauga, ON L5T 1S8